ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum** (ਯੂ. ਕੇ. ਤੋਂ ਪ੍ਰਕਾਸ਼ਿਤ)

**International Daily Newspaper & WEB TV**

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 25 ਨਵੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੦ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਸਿੱਖ ਸੰਗਤਾਂ ਦਮਦਮੀ ਟਕਸਾਲ ਖਿਲਾਫ ਸਾਜ਼ਿਸ਼ ਕਰਨ ਵਾਲਿਆਂ ਪ੍ਰਤੀ ਸੁਚੇਤ ਰਹਿਣ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

**ਚੌਂਕ ਮਹਿਤਾ/ਸਾਨ ਫਰਾਂਸਿਸਕੋ (ਅਮਰੀਕਾ), 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਅਮਰੀਕਾ ਦੇ ਧਰਮ ਪ੍ਰਚਾਰ ਫੇਰੀ ਦੌਰਾਨ ਅੱਜ ਇਕ ਵੀਡੀਓ ਸੰਦੇਸ਼ ਰਾਹੀਂ ਸਿੱਖ ਸੰਗਤਾਂ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ



ਕਿ ਪਿਛਲੇ ਦਿਨਾਂ ਤੋਂ ਕੁਝ ਸ਼ਰਾਰਤੀ ਅਨਸਰ ਦਮਦਮੀ ਟਕਸਾਲ ਦੇ ਖਿਲਾਫ ਬੜੀ ਘਟੀਆ ਕਿਸਮ ਦੀ ਬਿਆਨਬਾਜ਼ੀ ਕਰਕੇ ਭੋਲੇ ਭਾਲੇ ਲੋਕਾਂ ਨੂੰ ਸ਼ਿਕਾਰ ਬਣਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦਮਦਮੀ ਟਕਸਾਲ ਨੇ ਕੌਮ ਦੇ ਹਿੱਤਾਂ ਲਈ ਅਤੇ ਕੌਮ ਦੇ ਸੰਘਰਸ਼ ਲਈ ਹਮੇਸ਼ਾ ਹੀ ਆਪਣਾ ਕਦਮ ਅੱਗੇ ਰੱਖਿਆ ਹੈ। ਉਨ੍ਹਾਂ ਕਿਹਾ, ਸਿੱਖ ਔਰ ਕੌਮੀ ਹਿਤਾਂ ਦੀ ਪਹਿਲ ਕਦਮੀ ਲਈ ਦਮਦਮੀ ਟਕਸਾਲ ਨੇ ਵੱਡੇ ਸੰਘਰਸ਼ ਕੀਤੇ ਹਨ। ਕੌਮ ਦੇ ਹਿੱਤਾਂ ਲਈ ਆਪਣਾ ਵੱਡਾ ਹਿੱਸਾ ਯੋਗਦਾਨ ਪਾਇਆ। ਇਹ ਸ਼ਹੀਦਾਂ ਦੀ ਜਥੇਬੰਦੀ ਹੈ ਔਰ ਆਉਣ ਵਾਲੇ ਸਮੇਂ ਵਿੱਚ ਵੀ ਜਿੰਨਾ ਵੀ ਸਾਡੇ ਤੋਂ ਬਣੇਗਾ ਸਿੱਖ ਪੰਥ ਦੇ ਹਿੱਤਾਂ ਲਈ ਅਸੀਂ ਆਪਣਾ ਯੋਗਦਾਨ ਪਾਉਣ ਤੋਂ ਕਦੇ ਪਿੱਛੇ ਨਹੀਂ ਹਟਾਂਗੇ । ਉਨ੍ਹਾਂ ਕਿਹਾ, ਮੇਰੀ ਬੇਨਤੀ ਹੈ ਕੋਈ ਭਰਮ ਭੁਲੇਖੇ ਦਾ ਸ਼ਿਕਾਰ ਹੋਣ ਦੀ ਬਜਾਏ ਸਾਡੇ ਨਾਲ ਬੈਠ ਕੇ ਰਾਬਤਾ ਤੇ ਵਿਚਾਰ ਕਰ ਸਕਦਾ ਹੈ। ਕੋਈ ਵੀ ਕਿਸੇ ਤਰ੍ਹਾਂ ਦੀ ਸ਼ੰਕਾ ਹੈ ਕੋਈ ਭਰਮ ਭੁਲੇਖਾ ਕਿਸੇ ਵੀ ਸਿੱਖ ਦੇ ਮਨ ਵਿੱਚ ਹੈ ਤਾਂ ਸਾਡੇ ਨਾਲ ਮਿਲ ਬੈਠ ਕੇ ਬੜੇ ਪਿਆਰ ਨਾਲ ਆਪਣਾ ਸ਼ੰਕਾ ਨਵਿਰਤ ਕਰ ਸਕਦਾ ਹੈ। ਆਪਾਂ ਮਿਲ ਜੁੱਲ ਕੇ ਜੋ ਹਿੰਦੁਸਤਾਨ ਦੇ ਵਿੱਚ ਸਿੱਖਾਂ ਦੀਆਂ ਸਮੱਸਿਆਵਾਂ ਦੇਖਣ ਨੂੰ ਮਿਲ ਰਹੀਆਂ ਉਹਦਾ ਹੱਲ ਕੱਢਣ ਵਿੱਚ ਆਪਣਾ ਯੋਗਦਾਨ ਪਾਈਏ। ਵਿਦੇਸ਼ਾਂ ਦੇ ਵਿੱਚ ਵੀ ਸਿੱਖ ਭਾਈਚਾਰੇ ਨੂੰ ਬਹੁਤ ਵੱਡੀਆਂ ਸਮੱਸਿਆਵਾਂ ਹਨ। ਜਿਨ੍ਹਾਂ ਨਾਲ ਇੱਥੋਂ ਦੇ ਸਿੱਖਾਂ ਨੂੰ ਆਏ ਦਿਨ ਜੂਝ ਰਹੇ ਹਨ। ਇੱਥੇ ਵੀ ਸਾਰੇ ਮਿਲ ਕੇ ਆਪਾਂ ਇੱਕ ਜੁੱਟ ਹੋ ਕੇ ਕੌਮ ਦੀ ਚੜ੍ਹਦੀ ਕਲਾ ਦੀ ਕਾਰਜ ਕਰੀਏ।

ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ, ਮੈਂ ਵਿਸ਼ਵਾਸ ਦਿਵਾਉਂਦਾ ਕਿ ਦੁਨੀਆ ਭਰ ਦੇ ਵਿੱਚ ਸਿੱਖ ਹਿਤਾਂ ਲਈ-ਕੌਮੀ ਹਿਤਾਂ ਲਈ ਜਿੰਨੀਆਂ ਵੀ ਪੰਥ ਦੀਆਂ ਜਥੇਬੰਦੀਆਂ ਸੇਵਾਵਾਂ ਨਿਭਾਅ ਰਹੀਆਂ ਹਨ, ਅਸੀਂ ਉਹਨਾਂ ਦਾ ਪਹਿਲਾਂ ਵੀ ਸਨਮਾਨ ਰੱਖਿਆ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਉਹਨਾਂ ਦਾ ਅਸੀਂ ਦਿਲੋਂ ਪੂਰਾ ਸਤਿਕਾਰ ਕਰਦੇ ਹਾਂ । ਉਨ੍ਹਾਂ ਕਿਹਾ ਕਿ ਦੇਸ਼ ਵਿਦੇਸ਼ ਦੇ ਵਿੱਚ ਜਿੱਥੇ ਵੀ ਸਾਡੇ ਸਿੱਖ ਵੀਰ ਬੈਠੇ ਹਨ ਅਤੇ ਪੰਥਕ ਹਿੱਤਾਂ ਲਈ ਕੰਮ ਕਰ ਰਹੇ ਅਸੀਂ ਉਨ੍ਹਾਂ ਦਾ ਦਿਲੋਂ ਸਤਿਕਾਰ ਕਰਦੇ ਹਾਂ।

ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ, ਮੈਂ ਆਪ ਸੰਗਤਾਂ ਦਾ ਜ਼ਰੂਰੀ ਨੁਕਤਿਆਂ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹਾਂ, ਕਿ ਪਿਛਲੇ ਦਿਨ ਹੀ ਮਹਾਰਾਸ਼ਟਰ ਦੇ ਅੰਦਰ ਚੋਣ ਪ੍ਰਕਿਰਿਆ ਦੌਰਾਨ ਸਿੱਖ ਸਮਾਜ ਮਹਾਰਾਸ਼ਟਰ ਔਰ ਸੰਤ ਸਮਾਜ ਵੱਲੋਂ ਜੋ ਉੱਥੇ ਇੱਕ ਮਹਾਂਯੁਤੀ ਸੰਗਠਨ ਨੂੰ ਵੋਟਾਂ ਪਾਉਣ ਵਾਸਤੇ ਅਪੀਲ ਦਾ ਮਕਸਦ ਮਹਾਰਾਸ਼ਟਰ ਸਰਕਾਰ ਦੇ ਨਾਲ ਮਹਾਰਾਸ਼ਟਰ ਦੇ ਸਿੱਖ ਸਮਾਜ ਦੇ ਮਸਲਿਆਂ ਨੂੰ ਉਭਾਰਨਾ ਸੀ। ਅੱਜ ਤਕ ਮਹਾਰਾਸ਼ਟਰ ਦੇ 36 ਜ਼ਿਲ੍ਹੇ ਅੰਦਰ ਬੈਠੇ ਸਿੱਖ ਭਾਈਚਾਰੇ ਦੇ ਮਸਲੇ ਅਣਗੌਲੇ ਰਹੇ। ਜਿਨ੍ਹਾਂ ਉੱਤੇ ਕਦੇ ਧਿਆਨ ਕੇਂਦਰਿਤ ਨਹੀਂ ਕੀਤਾ ਗਿਆ। ਸਿੱਖਾਂ ਦੀਆਂ ਬਹੁਤ ਵੱਡੀਆਂ ਸਮੱਸਿਆਵਾਂ ਹਨ, ਔਰ ਪਿਛਲੀਆਂ ਸਰਕਾਰਾਂ ਸਿੱਖਾਂ ਨੂੰ ਹਮੇਸ਼ਾ ਨਜ਼ਰ ਅੰਦਾਜ਼ ਕਰਦੀਆਂ ਰਹੀਆਂ। ਇਸ ਲਈ ਸਿੱਖਾਂ ਦੇ ਜਿੰਨੇ ਵੀ ਮਸਲੇ ਹਨ, ਉਹਨਾਂ ਲਈ ਸਰਕਾਰ ਤੋਂ ਇੱਕ 11 ਮੈਂਬਰੀ ਕਮੇਟੀ ਬਣਾਈ ਗਈ। ਦੂਸਰਾ ਇੱਕ ਪੰਜਾਬੀ ਸਾਹਿਤ ਅਕਾਦਮੀ ਦਾ ਪੁਨਰਗਠਨ ਕੀਤਾ ਜਾਣਾ ਅਤੇ ਤੀਸਰਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਵਿੱਚ ਸਿੱਖਾਂ ਨੂੰ ਨੁਮਾਇੰਦਗੀ ਦਿਵਾਈ ਗਈ। ਇਹ ਤਿੰਨ ਮੁੱਖ ਮੁੱਦੇ ਸਨ ਜੋ ਸਰਕਾਰ ਨੇ ਚੋਣ ਜ਼ਾਬਤਾ ਲੱਗਣ ਤੋਂ ਲਗਭਗ 11 ਦਿਨ ਪਹਿਲਾਂ ਆਰਡੀਨੈਂਸ ਜਾਰੀ ਕਰਕੇ ਮਾਨਤਾ ਦਿੱਤੀ ਗਈ । ਹੁਣ ਪੂਰੇ ਮਹਾਰਾਸ਼ਟਰ ਦੇ ਅੰਦਰ ਜਿੱਥੇ ਜਿੱਥੇ ਵੀ ਸਿੱਖਾਂ ਦਾ ਕੋਈ ਮਸਲਾ ਹੋਏਗਾ ਇਹ 11 ਮੈਂਬਰੀ ਸਿੱਖਾਂ ਦੀ ਕਮੇਟੀ ਸਰਕਾਰ ਨਾਲ ਮਿਲ ਬੈਠ ਕੇ ਉਹਨਾਂ ਦੇ ਮਸਲੇ ਹੱਲ ਕਰਾਵੇਗੀ। ਦੂਸਰਾ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਹੈ, ਕਿਉਂਕਿ ਸਾਡੇ ਬੱਚੇ ਉੱਥੇ ਪੰਜਾਬੀ ਤੋਂ ਬਹੁਤ ਦੂਰ ਚਲੇ ਗਏ ਹਨ, ਸਾਡੇ ਬੱਚੇ ਪੰਜਾਬੀ ਬੋਲ ਸਕਦੇ ਹਨ ਨਾ ਪੰਜਾਬੀ ਲਿਖ ਸਕਦੇ ਹਨ, ਨਾ ਪੜ੍ਹ ਸਕਦੇ ਹਨ। ਇਸ ਲਈ ਪੰਜਾਬੀ ਸਾਹਿਤ ਅਕਾਦਮੀ ਦਾ ਗਠਨ ਕਰਵਾਇਆ ਤੇ ਉੱਥੇ ਜਿਹੜੇ ਬੱਚੇ ਆ ਉਹ ਪੰਜਾਬੀ ਲਿਖਣੀ ਬੋਲਣੀ ਪੜ੍ਹਨੀ ਸਾਡੀ ਮਾਂ ਬੋਲੀ ਨਾਲ ਜੁੜ ਸਕਣ ਉਹਦੇ ਲਈ ਪੰਜਾਬੀ ਸਾਹਿਤ ਅਕਾਦਮੀ ਦਾ ਸੰਗਠਨ ਕਰਾਇਆ । ਜਿਸ ਨਾਲ ਪੂਰੇ ਮਹਾਰਾਸ਼ਟਰ ਦੇ ਅੰਦਰ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕੀਤਾ ਜਾਏਗਾ। ਸਾਡੇ ਬੱਚਿਆਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਔਰ ਬੋਲਣ ਲਈ ਕੋਈ ਯੋਗ ਪ੍ਰਬੰਧ ਕੀਤੇ ਜਾਣਗੇ, ਔਰ ਥਾਂ ਥਾਂ ਬੱਚਿਆਂ ਲਈ ਕੋਈ ਐਸੇ ਪੰਜਾਬੀ ਸਿਖਾਉਣ ਵਾਲੇ ਟੀਚਰਾਂ ਦਾ ਪ੍ਰਬੰਧ ਕੀਤਾ ਜਾਏਗਾ। ਤੀਸਰਾ ਕੌਮੀ ਘੱਟ ਗਿਣਤੀ ਕਮਿਸ਼ਨ ਵਿੱਚ 70 ਸਾਲਾਂ ਵਿੱਚ ਅੱਜ ਤੱਕ ਕਿਸੇ ਸਿੱਖ ਨੂੰ ਨੁਮਾਇੰਦਗੀ ਨਹੀਂ ਮਿਲੀ, ਨਾ ਹੀ ਸਿੱਖਾਂ ਨੂੰ ਸਰਕਾਰੀ ਸਹੂਲਤਾਂ ਮਿਲੀਆਂ ਹਨ ਔਰ ਕੌਮੀ ਘੱਟ ਗਿਣਤੀ ਕਮਿਸ਼ਨ ਜੋ ਕਿ ਘੱਟ ਗਿਣਤੀ ਲੋਕਾਂ ਵਾਸਤੇ ਸਹੂਲਤਾਂ ਜਿਵੇਂ ਕਿ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣ ਲਈ ਜਾਂ ਨੌਕਰੀਆਂ ਪੇਸ਼ਿਆਂ ਦੇ ਅੰਦਰ ਉਹਨਾਂ ਦੀ ਮਦਦ ਕਰ ਸਕਦਾ ਹੈ। ਰਾਜ ਘਟ ਗਿਣਤੀ ਕਮਿਸ਼ਨ ਦੇ ਵਿੱਚ ਇੱਕ ਸਿੱਖ ਨੁਮਾਇੰਦਾ ਸ਼ਾਮਿਲ ਕੀਤਾ ਗਿਆ ਤਾਂ ਕਿ ਸਾਡੇ ਬੱਚੇ ਉੱਚ ਵੀ ਦੀਆਂ ਪ੍ਰਾਪਤ ਕਰ ਸਕਣ, ਸਾਡੇ ਉੱਥੇ ਵਿੱਦਿਅਕ ਅਦਾਰੇ ਤੇ ਹਸਪਤਾਲ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਫ਼ੰਡ ਦੁਆਰਾ ਬਣਾਏ ਜਾਣ ਜਿਵੇਂ ਮੁਸਲਮਾਨ ਭਾਈਚਾਰਾ ਲਾਭ ਲੈ ਰਿਹਾ ਹੈ। ਸਾਰੇ ਮਹਾਰਾਸ਼ਟਰ ਦੇ ਵਿਚ ਸਿੱਖਾਂ ਦੀ ਇੱਕ ਵੀ ਸੰਸਥਾ ਨਹੀਂ ਇਸ ਲਈ ਸਿੱਖਾਂ ਦੀਆਂ ਵੀ ਵਿੱਦਿਅਕ ਔਰ ਮੈਡੀਕਲ ਸੰਸਥਾਵਾਂ ਬਣ ਸਿੱਖ ਬੱਚੇ ਵਿੱਦਿਆ ਪੜ੍ਹ ਸਕਣ ਉਹਨਾਂ ਲਈ ਵਜ਼ੀਫ਼ਿਆਂ ਦਾ ਇੰਤਜ਼ਾਮ ਕੀਤਾ ਜਾਏ । ਮਹਾਰਾਸ਼ਟਰ ਦੇ ਅੰਦਰ ਸਿੱਖਾਂ ਦੇ ਪੰਜਵੇਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਪਿਛਲੇ ਸਮੇਂ ਵਿੱਚ ਇਕ ਗੈਰ ਸਿੱਖ ਨੂੰ ਪ੍ਰਬੰਧਕ ਲਾਇਆ ਗਿਆ ਪਰ ਦਾਸ ਨੇ ਸਿੰਘਾਂ ਦਾ ਵਕਤ ਲੈ ਕੇ ਉਪ ਮੁੱਖ ਮੰਤਰੀ ਕੋਲੇ ਮਸਲਾ ਉਠਾਇਆ, ਉਹਨਾਂ ਨੇ ਇਸ ਗੱਲ ਤੇ ਗੌ.ਰ ਕਰਦਿਆਂ ਤੁਰੰਤ ਗੈਰ ਸਿੱਖ ਡੀ ਸੀ ਨੂੰ ਹਟਾ ਕੇ ਸਿੱਖ ਨੂੰ ਪ੍ਰਬੰਧਕ ਲਾਇਆ। ਸਾਨੂੰ ਵਿਸ਼ਵਾਸ ਦਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਜਿਹੜਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਬੋਰਡ ਬਣੇਗਾ ਉਹਦੇ ਵਿੱਚ ਕੇਵਲ ਮਹਾਰਾਸ਼ਟਰ ਦੇ ਵਿੱਚੋਂ ਗੁਰਸਿੱਖਾਂ ਨੂੰ ਹੀ ਨੁਮਾਇੰਦਗੀ ਦਿੱਤੀ ਜਾਵੇਗੀ। ਇਕ ਹੋਰ ਬਹੁਤ ਵੱਡਾ ਮਸਲਾ, ਇਹ ਹੈ ਕਿ ਮਹਾਰਾਸ਼ਟਰ ਦੇ ਵਿਚ ਸਾਨੂੰ ਇੱਕ ਵੱਡਾ ਗਰਾਊਂਡ ਚਾਹੀਦਾ ਸੀ, ਜਿੱਥੇ ਅਸੀਂ ਵੱਡੇ ਧਾਰਮਿਕ ਸਮਾਗਮ ਜਾਂ ਆਪਣੇ ਲੋਕਲ ਪਰਿਵਾਰਿਕ ਸਮਾਗਮ ਕਰ ਸਕੀਏ । ਮੁੰਬਈ ਦੇ ਅੰਦਰ ਜਗਾ ਦੀ ਬਹੁਤ ਜ਼ਿਆਦਾ ਘਾਟ ਹੋਣ ਕਰਕੇ ਸਾਨੂੰ ਵੱਡੇ ਵੱਡੇ ਕਥਾ ਅਤੇ ਕੀਰਤਨ ਦਰਬਾਰ ਕਰਾਉਣ ਵਿੱਚ ਜਾਂ ਗੁਰਪੁਰਬਾਂ ਦੇ ਸਮਾਗਮਾਂ ਵਿੱਚ ਵੱਡੀ ਦਿੱਕਤ ਆਉਂਦੀ ਹੈ, ਉਹਦੇ ਲਈ ਵੀ ਸਰਕਾਰ ਨੇ ਸਾਡੇ ਨਾਲ ਸਹਿਮਤੀ ਪ੍ਰਗਟਾਈ ਕਿ ਆਉਣ ਵਾਲੇ ਸਮੇਂ 'ਚ ਇਹ ਵੀ ਕਾਰਜ ਕੀਤਾ ਜਾਏਗਾ ।ਇਸ ਤੋਂ ਇਲਾਵਾ ਜਿਹੜੇ ਪੰਥਕ ਮਸਲੇ ਹਨ ਉਹਨਾਂ ਲਈ ਵੀ ਅਸੀਂ ਉਹਨਾਂ ਨੂੰ ਲਿਖਤੀ ਮੈਮੋਰੰਡਮ ਦਿੱਤਾ। ਉਪ ਮੁੱਖ ਮੰਤਰੀ ਸ੍ਰੀ ਦਵਿੰਦਰ ਫੜਨਵੀਸ ਨਾਲ ਸਾਡੇ ਬੰਦੀ ਸਿੰਘ ਜੋ 30-30 ਸਾਲ ਤੋਂ ਜੇਲ੍ਹਾਂ ਵਿੱਚ ਨਜ਼ਰ ਬੰਦ ਹਨ, ਉਹਨਾਂ ਦੀ ਰਿਹਾਈ ਬਿਨਾਂ ਸ਼ਰਤ ਤੁਰੰਤ ਕੀਤੀ ਜਾਏ ।ਇਸ ਤੋਂ ਇਲਾਵਾ ਵੱਖ-ਵੱਖ ਜੇਲ੍ਹਾਂ ਦੇ ਵਿੱਚ ਐਨਐਸਏ ਲਾ ਕੇ ਸਾਡੇ ਨੌਜਵਾਨ ਨਜ਼ਰ ਬੰਦ ਕੀਤੇ ਗਏ ਹਨ, ਸਾਡੇ ਨੌਜਵਾਨ ਜੇਲ੍ਹਾਂ ਦੇ ਵਿੱਚ ਬੈਠੇ ਕਾਲ ਕੋਠੜੀਆਂ ਦੇ ਸਜਾਵਾਂ ਨੂੰ ਦੁੱਖਾਂ ਨੂੰ ਭੋਗ ਰਹੇ ਹਨ ਉਹ 'ਤੋਂ ਐਨਐਸਏ ਹਟਾ ਕੇ ਤੁਰੰਤ ਰਿਹਾਅ ਕੀਤਾ ਜਾਏ। ਇਸ ਤੋਂ ਇਲਾਵਾ ਸਾਡੇ ਭਾਈਚਾਰਾ ਸਾਡਾ ਪੰਥ ਦਾ ਅੰਗ ਹੈ ਵਣਜਾਰੇ, ਲੁਬਾਣੇ , ਸਿਕਲੀਗਰ ਸਿੱਖ ਜੋ ਪੰਜ ਲੱਖ ਦੇ ਲਗਭਗ ਮਹਾਰਾਸ਼ਟਰ ਦੇ ਵਿੱਚ ਵੱਸਦਾ ਜਿਨ੍ਹਾਂ ਨੂੰ ਅੱਜ ਤੱਕ ਮਕਾਨ ਨਹੀਂ ਅਲਾਟ ਹੋਇਆ, ਰਹਿਣ ਬਸੇਰੇ ਰਹਿਣ ਵਾਸਤੇ ਕੋਈ ਜਗਾ ਨਹੀਂ ਅਤੇ ਝੁੱਗੀਆਂ ਝੌਂਪੜੀਆਂ ਦੇ ਅੰਦਰ ਆਪਣੇ ਦਿਨ ਗ.ਰੀਬੀ ਦੀ ਰੇਖਾ ਤੋਂ ਥੱਲੇ ਗੁਜ਼ਾਰ ਰਹੇ ਹਨ ਪਰ ਸਿੱਖੀ ਸਿਧਾਂਤਾਂ ਨਾਲ ਅੱਜ ਤੱਕ ਵੀ ਉਹ ਪ੍ਰਣਾਏ ਹੋਏ ਅਤੇ ਜੁੜੇ ਹੋਏ ਲੋਕ ਹਨ ਅਤੇ ਸਿੱਖੀ ਸਪਿਰਿਟ ਉਹਨਾਂ ਦੇ ਵਿੱਚ ਪ੍ਰਤੱਖ ਮੂਰਤੀਮਾਨ ਹਨ ਉਹਨਾਂ ਦੇ ਪਰਿਵਾਰਾਂ ਨੂੰ ਪਲਾਟ ਸਰਕਾਰ ਅਲਾਟ ਕਰਕੇ ਮਕਾਨ ਬਣਾ ਕੇ ਦੇਵੇ । ਸਰਕਾਰ ਨੇ ਸਾਡੇ ਨਾਲ ਸਹਿਮਤੀ ਪ੍ਰਗਟਾਈ ਕਿ ਮਹਾਯੁਤੀ ਦੀ ਸਰਕਾਰ ਬਣੇਗੀ ਅਤੇ ਮਸਲੇ ਹੱਲ ਕੀਤੇ ਜਾਣਗੇ। ਵੱਡੀ ਗਿਣਤੀ ਵਿੱਚ ਲੁਬਾਣੇ ਸਿੱਖ,ਪੰਜਾਬੀ ਭਾਈਚਾਰਾ, ਸਿੰਧੀ ਸਿੱਖ ਸਾਡੇ ਉੱਥੇ ਬੈਠੇ ਹਨ। ਗੁਰੂ ਨਾਨਕ ਨਾਮ ਲੇਵਾ ਨਾਨਕ ਪੰਥੀ ਸਾਡਾ ਬਹੁਤ ਵੱਡਾ ਸਮਾਜ ਹੈ ਜਿਨ੍ਹਾਂ ਦੀਆਂ ਬਹੁਤ ਵੱਡੀਆਂ ਸਮੱਸਿਆਵਾਂ ਹਨ। ਉਹ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਇਹ ਸਾਰੀ ਪਹਿਲ ਕਦਮੀ ਕੀਤੀ ਗਈ ਹੈ। ਆਪਣੇ ਇਹਨਾਂ ਮੁੱਦਿਆਂ ਦੇ ਵਿੱਚ ਜਿਵੇਂ ਬਾਹਰਲੇ ਸੂਬਿਆਂ 'ਚ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਹਰਿਦੁਆਰ ਹੈ ਅਤੇ ਹੋਰ ਜਿੰਨੇ ਵੀ ਗੁਰਦੁਆਰਾ ਸਾਹਿਬਾਨਾਂ ਦੇ ਮਸਲੇ ਹਨ ਉਹ ਸਿੱਖ ਪੰਥ ਨੂੰ ਸਿੱਖ ਕੌਮ ਨੂੰ ਉਹਨਾਂ ਦਾ ਪ੍ਰਬੰਧ ਸਪੁਰਦ ਕਰਕੇ ਉੱਥੇ ਗੁਰਦੁਆਰਿਆਂ ਦੀ ਦੁਆਰਾ ਸਥਾਪਨਾ ਕੀਤੀ ਜਾਵੇ, ਉੱਥੇ ਗੁਰ ਮਰਿਆਦਾ ਲਾਗੂ ਹੋ ਸਕੇ, ਉਹਦੇ ਲਈ ਵੀ ਅਸੀਂ ਇਹ ਲਿਖਤੀ ਰੂਪ ਦੇ ਵਿੱਚ ਗੱਲਾਂ ਸਾਰੀਆਂ ਉਹਨਾਂ ਦੇ ਧਿਆਨ ਵਿੱਚ ਲਿਆਂਦੀਆਂ ਹਨ। ਔਰ ਸਤਿਗੁਰੂ ਮਹਾਰਾਜ ਕਿਰਪਾ ਕਰਨ ਤੁਹਾਡਾ ਸੰਗਤਾਂ ਦਾ ਸਹਿਯੋਗ ਰਹੇ ਅਸੀਂ ਨਾਨਕ ਨਾਮ ਲੇਵਾ ਜਿੰਨੇ ਸਾਡੇ ਭੈਣ ਭਰਾ ਹਿੰਦੁਸਤਾਨ ਵਿੱਚ ਵੱਸਦੇ ਹਨ ਸਾਰਿਆਂ ਨੂੰ ਆਪਣੀ ਗਲਵੱਕੜੀ ਵਿੱਚ ਲਈਏ ਔਰ ਉਹਨਾਂ ਦਾ ਸਾਥ ਦੇਈਏ। ਉਹਨਾਂ ਦੀਆਂ ਸਮੱਸਿਆਵਾਂ ਨੂੰ ਸਮਝੀਏ ਉਹ ਸਾਡੇ ਪੰਥ ਦੀ ਫੁਲਵਾੜੀ ਹਨ। ਪੰਜਾਬ ਦੀ ਕਿਸਾਨੀ ਨਾਲ ਸੰਬੰਧਿਤ ਜੋ ਮਸਲੇ ਹਨ ਜਿਵੇਂ ਫ਼ਸਲਾਂ 'ਤੇ ਐਮਐਸਪੀ ਦੇਣ ਬਾਰੇ ਵਿਚਾਰ ਰੱਖੇ ਹਨ। ਮੈਂ ਬੇਨਤੀ ਕਰਾਂਗਾ ਕਿ ਪਾਏ ਹੋਏ ਭੁਲੇਖਿਆਂ ਦਾ ਸ਼ਿਕਾਰ ਨਾ ਬਣੀਏ "ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ " ਦੇ ਮਾਰਗ ਤੇ ਚੱਲ ਕੇ ਆਪਾਂ ਸਾਰੇ ਸਤਿਗੁਰੂ ਮਹਾਰਾਜ ਜੀ ਦੇ ਸਾਜੇ ਇਸ ਪੰਥ ਦੀ ਚੜ੍ਹਦੀ ਕਲਾ ਲਈ ਜੋ ਜੋ ਵੀ ਆਪਣਾ ਯੋਗਦਾਨ ਪਾ ਸਕਦਾ ਆਪਾਂ ਆਪਣਾ ਯੋਗਦਾਨ ਪਾਈਏ। ••

ਆਵਾਜ਼ਿ ਕੌਮ AWAZE QAUM International Newspaper & WEB TV

### ਹੁਣ ਅਕਾਲੀ ਆਗੂ ਦੇ ਘਰ 'ਤੇ ਚੱਲੀਆਂ ਗੋਲੀਆਂ, ਬਾਈਕ 'ਤੇ ਸਵਾਰ ਹੋ ਕੇ ਆਏ 3 ਬਦਮਾਸ਼

## ਪੰਜਾਬ 'ਚ ਖ਼ੌਫ ਦੇ ਸਾਏ ਹੇਠ ਸਿਆਸੀ ਲੀਡਰ !

**ਬਠਿੰਡਾ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਬਠਿੰਡਾ 'ਚ ਬਾਈਕ ਸਵਾਰ ਤਿੰਨ ਨੌਜਵਾਨਾਂ ਵੱਲੋਂ ਅਕਾਲੀ ਦਲ ਦੇ ਆਗੂ ਦੇ ਘਰ 'ਤੇ ਫਾਇਰਿੰਗ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੇਰ ਰਾਤ ਵਾਪਰੀ ਇਸ ਘਟਨਾ ਤੋਂ ਬਾਅਦ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਹੈ। ਅਕਾਲੀ ਦਲ ਦੇ ਆਗੂ ਦਾ ਭਰਾ ਵੀ ਸਿਆਸਤ ਵਿੱਚ ਸਰਗਰਮ ਹੈ ਤੇ ਕਾਂਗਰਸ ਨਾਲ ਜੁੜਿਆ ਹੋਇਆ ਹੈ। ਜਾਣਕਾਰੀ ਅਨੁਸਾਰ ਸ਼ਨੀਵਾਰ ਰਾਤ ਕਰੀਬ 11 ਵਜੇ ਬਾਈਕ 'ਤੇ ਸਵਾਰ ਤਿੰਨ ਨੌਜਵਾਨਾਂ ਨੇ ਕਾਂਗਰਸ ਦੇ ਜਨਰਲ ਸਕੱਤਰ ਕਿਰਨਜੀਤ ਸਿੰਘ



ਗਹਿਰੀ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਜਗਦੀਪ ਸਿੰਘ ਗਹਿਰੀ ਦੇ ਘਰ 'ਤੇ ਗੋਲੀਆਂ ਚਲਾ ਦਿੱਤੀਆਂ। ਅਣਪਛਾਤੇ ਨੌਜਵਾਨਾਂ ਵੱਲੋਂ ਆਗੂਆਂ ਦੇ ਘਰਾਂ 'ਤੇ ਫਾਇਰਿੰਗ ਕਰਨ ਕਾਰਨ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਦਲ ਦੇ ਆਗੂ ਜਗਦੀਪ ਸਿੰਘ ਗਹਿਰੀ ਨੇ ਦੱਸਿਆ ਕਿ ਬੀਤੀ ਰਾਤ ਕਰੀਬ 11 ਵਜੇ ਤਿੰਨ ਨੌਜਵਾਨ ਬਾਈਕ 'ਤੇ ਆਏ ਤੇ ਉਨ੍ਹਾਂ ਦੇ ਘਰ 'ਤੇ ਗੋਲੀਆਂ ਚਲਾ ਕੇ ਫ਼ਰਾਰ ਹੋ ਗਏ। ਉਸ ਨੇ ਪੁਲੀਸ ਨੂੰ ਸੂਚਿਤ ਕਰ ਦਿੱਤਾ ਹੈ। ਉਨ੍ਹਾਂ ਪੁਲਿਸ ਤੋਂ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਥਰਮਲ ਦੇ ਐਸਐਚਓ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਇੱਕ ਅਕਾਲੀ ਆਗੂ ਦੇ ਲੜਕੇ ਦਾ ਕੁਝ ਨੌਜਵਾਨਾਂ ਨਾਲ ਝਗੜਾ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਬਾਈਕ ਸਵਾਰ ਨੌਜਵਾਨਾਂ ਨੇ ਤਿੰਨ ਤੋਂ ਚਾਰ ਰਾਊਂਡ ਫਾਇਰ ਕੀਤੇ। ਸਾਡੇ ਵੱਲੋਂ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਤਿੰਨ ਨੌਜਵਾਨਾਂ ਵਿੱਚੋਂ ਦੋ ਦੀ ਪਛਾਣ ਹੋ ਗਈ ਹੈ ਅਤੇ ਅਸੀਂ ਤੀਜੇ ਦੀ ਪਛਾਣ ਕਰ ਰਹੇ ਹਾਂ।

## ਪੰਜਾਬ 'ਚ ਕਹਿਰ ਵਰ੍ਹਾਉਣ ਲੱਗੀ ਡੇਂਗੂ ਦੀ ਬੀਮਾਰੀ

**ਚੰਡੀਗੜ੍ਹ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਚ ਡੇਂਗੂ ਦਾ ਕਹਿਰ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਪਾਤੜਾਂ ਵਿਚ ਡੇਂਗੂ ਦੀ ਲਪੇਟ 'ਚ ਆਏ ਬਹੁਤ ਸਾਰੇ ਲੋਕ ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ 'ਚ ਜ਼ੇਰੇ ਇਲਾਜ ਹਨ, ਜਿਨ੍ਹਾਂ 'ਚੋਂ ਇਕ 14 ਸਾਲਾ ਲੜਕੇ ਦੀ ਮੌਤ ਹੋ ਗਈ ਹੈ। ਪਾਤੜਾਂ ਦੀ ਅਮਰੀਕ ਕਾਲੋਨੀ ਦੇ ਰਹਿਣ ਵਾਲੇ ਵਿਜੇ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦਾ ਲੜਕੇ ਅੰਸ਼ ਸਿੰਗਲਾ ਕੁਝ ਦਿਨ ਪਹਿਲਾਂ ਬੀਮਾਰ ਹੋਇਆ ਸੀ, ਜਿਸ ਦਾ ਉਨ੍ਹਾਂ ਨੇ ਪਹਿਲਾਂ ਪਾਤੜਾਂ ਵਿਖੇ ਇਲਾਜ ਕਰਵਾਇਆ ਸੀ ਅਤੇ ਹਾਲਾਤ ਵਿਗੜਨ ਕਾਰਨ ਉਸ ਨੂੰ ਪਟਿਆਲਾ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਪਰ ਸਿਹਤ ਹੋਰ ਜ਼ਿਆਦਾ ਵਿਗੜਨ ਕਾਰਨ ਉਸ ਨੂੰ ਹਰਿਆਣਾ ਦੇ ਟੋਹਾਣਾ ਸ਼ਹਿਰ ਵਿਚ ਇਕ ਹਸਪਤਾਲ ਵਿਚ ਲਿਜਾਇਆ ਗਿਆ, ਜਿਥੇ ਠੀਕ ਨਾ ਹੋਣ ਕਾਰਨ ਉਸ ਨੂੰ ਲੁਧਿਆਣਾ ਦੇ ਡੀ. ਐੱਮ. ਸੀ. ਲਿਜਾਇਆ ਗਿਆ, ਜਿਥੇ ਡੇਂਗੂ ਕਾਰਨ ਉਸ ਦੀ ਮੌਤ ਹੋ ਗਈ। ਸ਼ਹਿਰ ਵਾਸੀਆਂ ਨੇ ਦੋਸ਼ ਲਗਾਉਂਦਿਆਂ ਕਿਹਾ ਕਿ ਡੇਂਗੂ ਪੀੜਤ ਮਰੀਜ਼ ਵੱਖ-ਵੱਖ ਨਿੱਜੀ ਹਸਪਤਾਲਾਂ ਵਿਚ ਇਲਾਜ ਕਰਵਾ ਰਹੇ ਹਨ। ਪ੍ਰੰਤੂ ਪਾਤੜਾਂ ਇਲਾਕੇ ਵਿਚ ਕੋਈ ਵਧੀਆ ਸਰਕਾਰੀ ਹਸਪਤਾਲ ਨਾ ਹੋਣ ਕਾਰਨ ਲੋਕਾਂ ਨੂੰ ਲੁੱਟ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਵੀਰ ਸਿੰਘ ਯਾਦਵ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਸਿਹਤ ਵਿਭਾਗ ਦੇ ਕਰਮਚਾਰੀਆਂ ਸਮੇਤ ਘਰਾਂ ਵਿਚ ਜਾ ਕੇ ਡੇਂਗੂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਦੀ ਰੋਕਥਾਮ ਲਈ ਢੁਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ। ਸਿਹਤ ਸੁਪਰਵਾਈਜ਼ਰ ਪਾਤੜਾਂ ਕਪਿਲ ਕੁਮਾਰ ਨੇ ਦੱਸਿਆ ਕਿ ਡਰਾਈ ਡੇਅ 'ਤੇ ਸ਼ਹਿਰ ਵਿਚ ਸਿਹਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਇਕੋ ਦਿਨ ਵਿਚ 600 ਘਰਾਂ 'ਚ ਜਾ ਕੇ ਜਾਂਚ ਕੀਤੀ ਗਈ। ਜਾਂਚ ਦੌਰਾਨ 2 ਦਰਜਨ ਦੇ ਕਰੀਬ ਘਰਾਂ 'ਚ ਡੇਂਗੂ ਦਾ ਲਾਰਵਾ ਪਾਇਆ ਗਿਆ, ਜਿਸ ਨੂੰ ਤੁਰੰਤ ਨਸ਼ਟ ਕੀਤਾ ਗਿਆ ਹੈ।

## ਬਠਿੰਡਾ ਤੋਂ ਵੱਡੀ ਖ਼ਬਰ, ਦੋ ਮੰਜ਼ਿਲਾਂ ਰੈਸਟੋਰੈਂਟ 'ਚ ਧਮਾਕਾ, ਲੱਗੀ ਭਿਆਨਕ ਅੱਗ

**ਬਠਿੰਡਾ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਬਠਿੰਡਾ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਭੁੱਚੋ-ਬਠਿੰਡਾ ਨੈਸ਼ਨਲ ਹਾਈਵੇਅ 'ਤੇ ਆਦੇਸ਼ ਹਸਪਤਾਲ ਦੇ ਸਾਹਮਣੇ ਸਥਿਤ ਇਕ ਦੋ ਮੰਜ਼ਿਲਾ ਰੈਸਟੋਰੈਂਟ 'ਚ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਕਾਰਨ ਰੈਸਟੋਰੈਂਟ ਦਾ ਸਾਰਾ ਫਰਨੀਚਰ ਸੜ ਕੇ ਸੁਆਹ ਹੋ ਗਿਆ, ਉਥੇ ਹੀ ਅੱਗ ਨੇ ਨਾਲ ਲੱਗਦੀਆਂ ਦੋ ਇਮਾਰਤਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਪੀੜਤ ਵਿਪਨ ਬਾਂਸਲ ਨੇ ਦੱਸਿਆ ਕਿ ਇਸ ਅੱਗ ਕਾਰਨ ਰੈਸਟੋਰੈਂਟ ਦਾ ਫਰਨੀਚਰ ਅਤੇ ਇਮਾਰਤ ਬੁਰੀ ਤਰ੍ਹਾਂ ਸੜ ਕੇ ਸੁਆਹ ਹੋ ਗਈ ਹੈ, ਜਿਸ ਕਾਰਨ ਇਕ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਰੈਸਟੋਰੈਂਟ ਵਿੱਚ ਸ਼ਾਰਟ ਸਰਕਿਟ ਹੋਣ ਕਾਰਨ ਅੱਗ ਲੱਗ ਗਈ ਅਤੇ ਰੈਸਟੋਰੈਂਟ ਵਿੱਚ ਸਿਲੰਡਰ ਫਟਣ ਕਾਰਨ ਧਮਾਕਾ ਹੋਣ ਮਗਰੋਂ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ। ਉਨ੍ਹਾਂ ਦੱਸਿਆ ਕਿ ਭੁੱਚੋ ਮੰਡੀ ਸਮੇਤ ਵੱਖ-ਵੱਖ ਇਲਾਕਿਆਂ ਤੋਂ ਆ ਰਹੀਆਂ ਫਾਇਰ ਬ੍ਰਿਗੇਡ ਦੀਆਂ ਚਾਰ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ, ਖੁਸ਼ਿਕਸਮਤੀ ਨਾਲ ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਤੁਹਾਨੂੰ ਦੱਸ ਦੇਈਏ ਕਿ ਇਸ ਅੱਗ ਨੇ ਰੈਸਟੋਰੈਂਟ ਦੀ ਦੂਜੀ ਇਮਾਰਤ ਦੇ ਨਾਲ-ਨਾਲ ਇਕ ਹੋਰ ਬੰਦ ਇਮਾਰਤ ਅਤੇ ਇਕ ਸੈਲੂਨ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਗਨੀਮਤ ਇਹ ਰਹੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ
20 ਫਰਵਰੀ ਤੋਂ
12 ਮਾਰਚ 2025
ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ
ਜਲਦੀ ਬੁਕਿੰਗ
ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਣ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**


## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

**ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।**

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
***Raghbir Singh Walsal***
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV





ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra
VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

www.damdamitaksal.net

ਮੁਕਤਾ
ਾ ਕੰਨਾ
ਿ ਸਿਹਾਰੀ
ੀ ਬਿਹਾਰੀ
ੁ ਔਂਕੜ
ੂ ਦੁਲੈਂਕੜ
ੇ ਲਾਂ
ੈ ਦੁਲਾਵਾਂ
ੋ ਹੋੜਾ
ੌ ਕਨੌੜਾ
ੰ ਟਿੱਪੀ
ਾਂ ਕੰਨਾ-ਬਿੰਦੀ
www.damdamitaksal.net

੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI



ਧੰਨ ਧੰਨ ਸ਼੍ਰੀ ਗੁਰੂ ਤੇਗ ਬਹਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ
ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ
ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਤਾਨ ਸਾਹਿਬ ਵਿਖੇ
ਮਿਤੀ 4 ਦਸੰਬਰ 2024 ਤੋਂ 6 ਦਸੰਬਰ 2024 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਜਿਸ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਉਚੇਚੇ ਤੌਰ ਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ । ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।
4 ਦਸੰਬਰ 2024 ਦਿਨ ਬੁੱਧਵਾਰ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 10-00 ਵਜੇ
5 ਦਸੰਬਰ 2024 ਦਿਨ ਵੀਰਵਾਰ ਨਗਰ ਕੀਰਤਨ ਅਰੰਭ ਸਵੇਰੇ 8-00 ਵਜੇ
6 ਦਸੰਬਰ 2024 ਦਿਨ ਸ਼ੁੱਕਰਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 9-00 ਵਜੇ
ਵਿਸ਼ੇਸ਼ ਬੇਨਤੀ
ਜਿਹਨਾਂ ਸੰਗਤਾਂ ਨੂੰ ਸਤਿਗੁਰ ਜੀ ਨੇ ਟਰੈਕਟਰ, ਟਰਾਲੀਆਂ, ਗੱਡੀਆਂ ਆਦਿ ਦੀ ਦਾਤ ਬਖ਼ਸ਼ੀ ਹੈ, ਉਹ ਨਗਰ ਕੀਰਤਨ ਵਿੱਚ ਆਪੋ ਆਪਣੇ ਸਾਧਨ ਲੈ ਕੇ ਸਮੂਲੀਅਤ ਕਰਨ ਜੀ ।
ਨੋਟ : ਮੋਟਰਸਾਈਕਲ ਲੈ ਕੇ ਆਉਣ ਵਾਲੇ ਨੌਜਵਾਨ ਕਿਸੇ ਤਰ੍ਹਾਂ ਦੀ ਕਰਤਬ ਬਾਜੀ ਨਾ ਕਰਨ ।
ਪ੍ਰੋਗਰਾਮ : 6 ਦਸੰਬਰ 2024 ਦਿਨ ਸ਼ੁੱਕਰਵਾਰ
ਸਵੇਰੇ 9-00 ਤੋਂ 10-00 ਵਜੇ ਤੱਕ
ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਜੱਥਾ
ਗੁ: ਧਮਤਾਨ ਸਾਹਿਬ
10-00 ਤੋਂ 10-30 ਵਜੇ ਤੱਕ
ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ
ਗੁ: ਧਮਤਾਨ ਸਾਹਿਬ
10-30 ਤੋਂ 11-00 ਵਜੇ ਤੱਕ
ਭਾਈ ਚਰਨਜੀਤ ਸਿੰਘ ਕਥਾਵਾਚਕ
ਗੁ: ਧਮਤਾਨ ਸਾਹਿਬ
11-00 ਤੋਂ 12-30 ਵਜੇ ਤੱਕ
ਭਾਈ ਗੁਰਮੀਤ ਸਿੰਘ ਕਵੀਸ਼ਰ
ਧਰਮ ਪ੍ਰਚਾਰ ਕਮੇਟੀ।
ਅੰਮ੍ਰਿਤ ਸੰਚਾਰ : 6 ਦਸੰਬਰ 2024, ਦਿਨ ਸ਼ੁਕਰਵਾਰ ਸਮਾਂ 12 ਵਜੇ
ਪ੍ਰੋਗਰਾਮ ਨਗਰ ਕੀਰਤਨ : ਮਿਤੀ 5 ਦਸੰਬਰ 2024, ਵੀਰਵਾਰ ਨੂੰ ਸਵੇਰੇ 8-00 ਵਜੇ ਗੁਰਦੁਆਰਾ ਧਮਤਾਨ ਸਾਹਿਬ ਤੋਂ ਅਰੰਭ ਹੋ ਕੇ ਲੋਨ, ਖਰਲ, ਪਿਪਲਥਾ, ਗੜ੍ਹੀ, ਦਾਤਾ ਸਿੰਘ ਵਾਲਾ, ਹੰਸਡੈਹਰ, ਢੰਢੋਲੀ, ਸ਼ੇਰਗੜ੍ਹ, ਖਨੌਰੀ, ਪਦਾਰਥ ਖੇੜਾ, ਰੇਵਰ, ਪਿਪਲਥਾ, ਢਾਬੀ ਟੇਕ ਸਿੰਘ ਅਤੇ ਰਸੀਦਾਂ ਹੁੰਦਾ ਹੋਇਆ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਪਹੁੰਚੇਗਾ । ਸਮਾਪਤੀ, ਗੁਰਦੁਆਰਾ ਧਮਤਾਨ ਸਾਹਿਬ ਵਿਖੇ ਸ਼ਾਮ 5-00 ਵਜੇ ਹੋਵੇਗੀ ।
ਅੰਮ੍ਰਿਤ ਸੰਚਾਰ ਸੰਬੰਧੀ
1. ਅੰਮ੍ਰਿਤ ਸੰਚਾਰ ਗੁਰਦੁਆਰਾ ਧਮਤਾਨ ਸਾਹਿਬ ਵਿਖੇ 12-00 ਵਜੇ ਹੋਵੇਗਾ ।
2. ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰ ਕੇ ਆਉਣ ਜੀ ।
3. ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ ।
ਸਮੂਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਮੈਨੇਜਰ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ (ਜੀਂਦ) ਹਰਿਆਣਾ
ਸੰਪਰਕ : ਭਾਈ ਹਰਵਿੰਦਰ ਸਿੰਘ ਦਨੌਲੀ (ਮੈਨੇਜਰ) 9991037375 ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ 9896166509 ਭਾਈ ਚਰਨਜੀਤ ਸਿੰਘ ਕਥਾਵਾਚਕ 9802947712 ਭਾਈ ਕਰਮਜੀਤ ਸਿੰਘ 7015967169 ਸ: ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ ਸਾਹਿਬਾਨ 9354100003




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446




ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









www.khalsaforge.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621




# ਸਫਰ - ਏ - ਦਸ਼ਮੇਸ਼ ਸਮਾਗਮਾਂ ਦਾ ਮੁੱਖ ਮਕਸਦ ਨੌਜਵਾਨ ਪੀੜੀ ਨੂੰ ਗੁਰੂ ਇਤਿਹਾਸ ਨਾਲ ਜੋੜਨਾ : ਜਥੇਦਾਰ ਦਾਦੂਵਾਲ

## ਨੌਜਵਾਨ ਪੀੜੀ ਨੂੰ ਚਾਅ ਹੁੰਦਾ ਨਗਰ ਕੀਰਤਨ ਦੇ ਵਿੱਚ ਸੇਵਾ ਭਾਵ ਨਿਭਾਉਣ ਦਾ

**ਹਰਿਆਣਾ** ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਉਲੀਕੇ ਜਾ ਰਹੇ ਸਫਰ ਏ ਦਸਮੇਸ਼ ਧਾਰਮਿਕ ਸਮਾਗਮਾਂ ਦੀ ਸੰਗਤਾਂ ਵੱਲੋਂ ਚਾਰੇ ਪਾਸੇ ਸਲਾਘਾ ਕੀਤੀ ਜਾ ਰਹੀ ਹੈ ਕਿਉਂਕਿ ਇਤਿਹਾਸ ਵਿੱਚ ਪਹਿਲੀ ਵਾਰ ਹਰਿਆਣਾ ਕਮੇਟੀ ਵੱਲੋਂ ਇਸ ਤਰਾਂ ਦੇ ਪ੍ਰੋਗਰਾਮ ਉਲੀਕੇ ਜਾਂ ਰਹੇ ਹਨ । ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਇਨਾਂ ਪ੍ਰੋਗਰਾਮਾਂ ਦੀ ਅਗਵਾਈ ਕਰ ਰਹੇ ਹਨ । ਗੁਰਦੁਆਰਾ ਨਾਢਾ ਸਾਹਿਬ ਦੇ ਮੁੱਖ ਗ੍ਰੰਥੀ ਗਿ: ਜਗਜੀਤ ਸਿੰਘ ਜੀ ਨੇ ਸੰਗਤ ਨੂੰ ਪ੍ਰੇਰਣ ਦਾ ਵਧੀਆ ਉਪਰਾਲਾ ਕੀਤਾ ਹੈ । ਇਸ ਗੱਲ ਤੇ ਵੀ ਬੜਾ ਧਿਆਨ ਦੇਣਾ ਬਣਦਾ ਹੈ ਕਿ ਪ੍ਰੋਗਰਾਮ ਠੀਕ ਉਸੇ ਤਰ੍ਹਾਂ ਉਲੀਕੇ ਗਏ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਿਸੇ ਵੇਲੇ ਪਾਉਂਟਾ ਸਾਹਿਬ ਤੋਂ ਭੰਗਾਣੀ ਦਾ ਜੰਗ ਜਿੱਤ ਕੇ ਅਨੰਦਪੁਰ ਸਾਹਿਬ ਨੂੰ ਵਾਪਸ ਗਏ ਨੌਜਵਾਨ ਪੀੜੀ ਨੂੰ ਨਗਰ ਕੀਰਤਨ ਦੇ ਵਿੱਚ ਸੇਵਾ ਨਿਭਾਉਣ ਦਾ ਬਹੁਤ ਵੱਡਾ ਚਾਅ ਹੁੰਦਾ ਹੈ । ਨੌਜਵਾਨ ਪੀੜੀ ਨੂੰ ਗੁਰੂ ਇਤਿਹਾਸ ਨਾਲ ਜੋੜਨ ਦਾ ਇਹ ਵਧੀਆ ਉਪਰਾਲਾ ਹੈ । ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਪਾਉਂਟਾ ਸਾਹਿਬ ਤੋਂ ਲੈ ਕੇ ਨਾਢਾ ਸਾਹਿਬ ਤੱਕ ਦੇ ਵਿਚਕਾਰਲੇ ਇਤਿਹਾਸਿਕ ਸਥਾਨਾਂ ਬਾਰੇ ਟਰਾਈ ਸਿਟੀ ਚੰਡੀਗੜ ਦੀਆਂ ਜਿਆਦਾਤਰ ਸੰਗਤਾਂ ਨੂੰ ਵੀ ਕੋਈ ਬਹੁਤੀ ਜਾਣਕਾਰੀ ਨਹੀਂ ਹੈ । ਖਾਸ ਕਰ ਬਹੁ ਗਿਣਤੀ ਸੰਗਤਾਂ ਨੂੰ ਗੁਰਦੁਆਰਾ ਟੋਕਾ ਸਾਹਿਬ, ਗੁਰਦੁਆਰਾ ਮਾਣਕ ਟਬਰਾ ਸਾਹਿਬ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਹੈ । ਸਫਰ ਏ ਦਸਮੇਸ਼ ਸਮਾਗਮ ਤੇ ਨਗਰ ਕੀਰਤਨ ਉਲੀਕਣ ਦਾ ਮੁੱਖ ਮਕਸਦ ਹੀ ਨੌਜਵਾਨ ਪੀੜੀ ਨੂੰ ਇਤਿਹਾਸ ਨਾਲ ਜੋੜਨਾ ਅਤੇ ਉਨਾਂ ਸੰਗਤਾਂ ਤੱਕ ਇਤਿਹਾਸ ਪਹੁੰਚਾਉਣਾ ਹੈ ਜਿਨਾਂ ਨੂੰ ਪਹਿਲਾਂ ਇਨਾਂ ਇਤਿਹਾਸਿਕ ਸਥਾਨਾ ਬਾਰੇ ਕੋਈ ਜਾਣਕਾਰੀ ਨਹੀਂ ਸੀ ਜਿਕਰਯੋਗ ਹੈ ਕੇ 30 ਨਵੰਬਰ ਤੋਂ ਲੈ ਕੇ 8 ਦਸੰਬਰ ਤੱਕ ਸਫਰ ਏ ਦਸ਼ਮੇਸ਼ ਪ੍ਰੋਗਰਾਮ ਸਮਾਗਮ ਗੁਰਦੁਆਰਾ ਪਾਉਂਟਾ ਸਾਹਿਬ ਤੋਂ ਲੈ ਕੇ ਗੁਰਦੁਆਰਾ ਨਾਢਾ ਸਾਹਿਬ ਤੱਕ ਦੇ ਵਿਚਕਾਰਲੇ ਸਥਾਨਾਂ ਤੇ ਉਲੀਕੇ ਗਏ ਹਨ । ਜਿਨਾਂ ਵਿੱਚੋਂ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ 30 ਨਵੰਬਰ 2024 ਨੂੰ ਸ਼ਾਮ 6 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ । ਇਸੇ ਤਰੀਕੇ ਨਾਲ 1 ਦਸੰਬਰ 2024 ਨੂੰ ਗੁਰਦੁਆਰਾ ਕਪਾਲ ਮੋਚਨ ਸਾਹਿਬ ਯਮੁਨਾਨਗਰ,2 ਦਸੰਬਰ 2024 ਨੂੰ ਗੁਰਦੁਆਰਾ ਟੋਕਾ ਸਾਹਿਬ ਨਰਾਇਣਗੜ,3 ਦਸੰਬਰ ਨੂੰ ਗੁਰਦੁਆਰਾ ਮਾਣਕ ਟਬਰਾ ਸਾਹਿਬ ਪੰਚਕੂਲਾ ਵਿਖੇ ਅਤੇ ਸਮਾਪਤੀ ਗੁਰਦੁਆਰਾ ਨਾਢਾ ਸਾਹਿਬ ਵਿਖੇ 8 ਦਸੰਬਰ ਨੂੰ ਹੋਵੇਗੀ । ਸਾਰੇ ਇਤਿਹਾਸਿਕ ਸਥਾਨਾਂ ਵਿਖੇ ਸ਼ਾਮ ਦੇ ਦੀਵਾਨਾਂ ਦਾ ਸਮਾਂ ਸ਼ਾਮ 6 ਤੋਂ 10 ਦਾ ਰੱਖਿਆ ਗਿਆ ਹੈ । ਸਾਰੇ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਕਥਾਵਾਚਕ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜ ਕੇ ਨਿਹਾਲ ਕਰਨਗੇ । ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ ਅਤੇ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੀ ਇਨਾਂ ਸਮਾਗਮਾਂ ਵਿੱਚ ਵੱਖ ਵੱਖ ਥਾਵਾਂ ਤੇ ਹਾਜ਼ਰੀ ਭਰਨਗੇ। ••

ਆਵਾਜ਼ਿ ਕੌਮ AWAZE QAUM International Newspaper & WEB TV


ਅੰਮ੍ਰਿਤ ਛਕੋ
ਪਰਉਪਕਾਰੀ ਭਾਈ ਲੱਧਾ ਜੀ ਦੀ ਯਾਦ ਵਿੱਚ ਅਤੇ ਬ੍ਰਹਮ ਗਿਆਨੀ ਬਾਪੂ ਖੁਸ਼ਾ ਸਿੰਘ ਜੀ ਦੀ ਸਲਾਨਾ ਬਰਸੀ ਨੂੰ ਸਮਰਪਿਤ
ਅੰਮ੍ਰਿਤ ਛਕੋ
ਸਲਾਨਾ ਗੁਰਮਤਿ ਸਮਾਗਮ
6 ਦਸੰਬਰ (21 ਮੱਘਰ) 2024 ਦਿਨ ਸ਼ੁਕਰਵਾਰ
ਸਮਾਂ : ਸਵੇਰੇ 10 ਵਜੇ
ਗੁਰਵਿੰਦਰ ਸਿੰਘ ਲਹੋਰੀਏ ਦਾ ਕਵੀਸ਼ਰੀ ਜੱਥਾ
ਕਬੱਡੀ ਐਕਸ਼ਨ ਸਟਾਰ
ਛੋਟੇ ਸੁਪਰ ਸਟਾਰਾਂ ਦੀ ਕਬੱਡੀ ਸ਼ਾਮ:3:00 ਵਜੇ
ਮੋ: 94634-27380, 98777-07918,
ਆਵਾਜ਼ਿ ਕੌਮ AWAZE QAUM TV
ਲਾਈਵ ਪ੍ਰੋਗਰਾਮ ਸਾਰਾ ਦਿਨ ਚੱਲੇਗਾ
ਅਜੀਤ ਪੌਦ ਨਰਸਰੀ
ਜਾਰੀ ਕਰਤਾ: ਭਾਈ ਸਰਬਜੀਤ ਸਿੰਘ ਵੱਲੀਆਂ, ਜਿਲ੍ਹਾ ਪ੍ਰੈਸ ਸਕੱਤਰ, ਮੋ: 75278-45340


ਤੇਰੇ ਜਨ ਪਰਉਪਕਾਰੀ ਆਏ
ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼
ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ
100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ
51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ
ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ
ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।
ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473
ਵਿਸ਼ੇਸ਼ ਸਹਿਯੋਗ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਮਹੰਤ ਕਾਹਨ ਸਿੰਘ ਸੇਵਾਪੰਥੀ
ਸੰਤ ਰਣਜੀਤ ਸਿੰਘ ਸੇਵਾਪੰਥੀ
ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਮਹਾਨ ਸ਼ਹੀਦੀ ਦਿਹਾੜਾ

**ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

**ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ**

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਿੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




### ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਪੰਥ ਨੂੰ ਦਰਪੇਸ਼ ਬਹੁਪੱਖੀ ਚੁਣੌਤੀਆਂ ਦਾ ਹੱਲ ਕਰਨ ਦੇ ਸਮਰੱਥ

# ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵਿਰੁੱਧ ਦੂਸ਼ਣਬਾਜ਼ੀ ਕਰਨ ਵਾਲਿਆਂ ਨੂੰ ਦਮਦਮੀ ਟਕਸਾਲ ਨੇ ਦਿੱਤੀ ਚਿਤਾਵਨੀ



**ਚੌਕ ਮਹਿਤਾ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵਿਰੁੱਧ ਅਕਾਲੀ ਦਲ ਦੇ ਅਨਸਰਾਂ ਵੱਲੋਂ ਕੀਤੀ ਜਾ ਰਹੀ ਦੂਸ਼ਣਬਾਜ਼ੀ ਦਾ ਦਮਦਮੀ ਟਕਸਾਲ ਦੇ ਪ੍ਰਮੁੱਖ ਸਿੰਘਾਂ ਨੇ ਸਖ਼ਤ ਨੋਟਿਸ ਲੈਂਦਿਆਂ ਸ਼ਰਾਰਤੀ ਅਨਸਰਾਂ ਨੂੰ ਆਪਣੀਆਂ ਹਰਕਤਾਂ ਤੋਂ ਤੁਰੰਤ ਬਾਜ ਆਉਣ ਦੀ ਸਖ਼ਤ ਚਿਤਾਵਨੀ ਦਿੱਤੀ ਹੈ। ਅਕਾਲੀ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ, ਅਕਾਲੀ ਦਲ ਦੇ ਮੁੱਖ ਬੁਲਾਰੇ ਅਤੇ ਸੁਮੇਧ ਸੈਣੀ ਦੀ ਵਕਾਲਤ ਕਰਨ ਵਾਲੇ ਪਰਿਵਾਰ 'ਚੋਂ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਪ੍ਰਮਬੰਸ ਸਿੰਘ ਬੰਟੀ ਰੁਮਾਣਾ ਅਤੇ ਮਨਜੀਤ ਸਿੰਘ ਭੂਰਾ ਕੋਨਾ 'ਤੇ ਨਿਸ਼ਾਨਾ ਵਿੰਨ੍ਹਦਿਆਂ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਸੁਖਦੇਵ ਸਿੰਘ ਅਨੰਦਪੁਰ, ਅਮਰੀਕਾ ਦੇ ਬੁਲਾਰੇ ਭਾਈ ਜਤਿੰਦਰ ਸਿੰਘ ਅਤੇ ਬੁਲਾਰਾ ਭਾਈ ਗੁਰਦੀਪ ਸਿੰਘ ਨੌਲੱਖਾ, ਭਾਈ ਭਰਵਿੰਦਰ ਸਿੰਘ ਮੰਟਿਕਾ, ਭਾਈ ਸਰਬਜੋਤ ਸਿੰਘ ਰੀਵਰਸਾਈਡ, ਚੇਅਰਮੈਨ ਪ੍ਰਮਜੀਤ ਸਿੰਘ ਗੁਰਦੁਆਰਾ ਰੀਵਰਸਾਈਡ ਅਤੇ ਭਾਈ ਮੇਜਰ ਸਿੰਘ ਫਰਿਜਨੋ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਥ 'ਚ ਸਤਿਕਾਰਤ ਦਮਦਮੀ ਟਕਸਾਲ ਦੇ ਮੁਖੀ ਖਿਲਾਫ ਕਿਸੇ ਕੀਮਤ 'ਤੇ ਬਕਵਾਸ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਟਕਸਾਲ ਦੇ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਆਪਣੇ ਆਕਾਵਾਂ ਦੀ ਗਹਿਰੀ ਸਾਜ਼ਿਸ਼ ਦਾ ਹਿੱਸਾ ਬਣ ਰਹੇ ਉਕਤ ਅਨਸਰਾਂ ਦੀ ਸੌੜੀ ਸੋਚ, ਗ.ਲਤ ਤੇ ਘਟੀਆ ਸ਼ਬਦਾਵਲੀ ਅਤੇ ਕੂੜ ਪ੍ਰਚਾਰ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਮੂੰਹ ਤੋੜਵਾਂ ਕਰਾਰਾ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸ਼੍ਰੋਮਣੀ ਕਮੇਟੀ ਦੇ ਪਲੇਟ ਫਾਰਮ ਤੋਂ ਪੰਥਕ ਸ਼ਖ਼ਸੀਅਤ ਵਿਰੁੱਧ ਕੀਤੀਆਂ ਜਾ ਰਹੀਆਂ ਬੇਹੂਦਾ ਟਿੱਪਣੀਆਂ ਦਾ ਸਖ਼ਤ ਨੋਟਿਸ ਲੈਣ ਦੀ ਵੀ ਅਪੀਲ ਕੀਤੀ ਹੈ। ਦਮਦਮੀ ਟਕਸਾਲ ਦੇ ਉੱਘੇ ਸਿੰਘਾਂ ਨੇ ਕਿਹਾ ਕਿ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਪੰਥ ਪ੍ਰਸਤ ਅਤੇ ਦੂਰਅੰਦੇਸ਼ੀ ਹਨ। ਉਨ੍ਹਾਂ ਹਮੇਸ਼ਾਂ ਪੰਥਕ ਹਿਤਾਂ ਤੇ ਸਰੋਕਾਰਾਂ ਨੂੰ ਪਹਿਲ ਦਿੱਤੀ , ਜਿਨ੍ਹਾਂ 'ਚ ਗੁਰਬਾਣੀ ਸਿਧਾਂਤ ਦਾ ਪ੍ਰਚਾਰ ਪ੍ਰਸਾਰ, ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸ਼ਹੀਦੀ ਯਾਦਗਾਰ, ਸ਼ਹੀਦੀ ਗੈਲਰੀ ਅਤੇ ਜਨਮ ਸਥਾਨ ਦੀ ਉਸਾਰੀ ਤੋਂ ਇਲਾਵਾ ਅਨੇਕਾਂ ਕਾਰਸੇਵਾ ਤੇ ਗੁਰੂ ਕੇ ਲੰਗਰ ਦੇ ਪ੍ਰਮੁੱਖ ਕਾਰਜ ਸ਼ਾਮਿਲ ਹਨ ਆਪ ਜੀ ਮੌਜੂਦਾ ਸਿਆਸੀ ਵਰਤਾਰਿਆਂ ਦੇ ਚਲਦਿਆਂ ਦੇਸ਼ ਵਿਦੇਸ਼ 'ਚ ਸਿੱਖ ਭਾਈਚਾਰੇ ਨੂੰ ਦਰਪੇਸ਼ ਚੁਨੌਤੀਆਂ ਦੇ ਮੱਦੇਨਜ਼ਰ ਸਿੱਖ ਪੰਥ ਨੂੰ ਦੂਰ ਅੰਦੇਸ਼ ਲੀਡਰਸ਼ਿਪ ਦੀ ਲੋੜ ਪੂਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿੱਖਾਂ ਦੀਆਂ ਆਪਣੀਆਂ ਮੰਗਾਂ ਅਤੇ ਸਰੋਕਾਰ ਹਨ। ਪਰ ਮਹਾਰਾਸ਼ਟਰ ਸਮੇਤ ਹੋਰਨਾਂ ਸੂਬਿਆਂ 'ਚ ਸਿੱਖਾਂ ਅਤੇ ਨਾਨਕ ਨਾਮ ਲੇਵਾ ਸੰਗਤਾਂ ਜਿਨ੍ਹਾਂ 'ਚ ਪੰਜਾਬੀ ਹਿੰਦੂ, ਲੁਬਾਣਾ, ਸਿਕਲੀਗਰ, ਸਿੰਧੀ ਅਤੇ ਵਣਜਾਰਾ ਸਮਾਜ ਆਦਿ ਦੀਆਂ ਆਪਣੀਆਂ ਸਮੱਸਿਆਵਾਂ ਅਤੇ ਲੋੜਾਂ ਹਨ। ਜਿਸ ਦੀ ਪੂਰਤੀ ਸਥਾਨਕ ਰਾਜ ਸਰਕਾਰਾਂ ਹੀ ਕਰ ਸਕਦੀਆਂ ਹਨ। ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਸਿੱਖ ਸਮਾਜ ਮਹਾਰਾਸ਼ਟਰ ਦੀ ਰਹਿਨੁਮਾਈ ਕਰਦਿਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੀ ਮਹਾਯੁਤੀ ਨੂੰ ਦਿੱਤਾ ਗਿਆ ਸਮਰਥਨ ਸਥਾਨਕ ਸਿੱਖ ਭਾਈਚਾਰੇ ਦੇ ਹਿਤਾਂ ਪ੍ਰਤੀ ਸੋਚ ਸਮਝ ਕੇ ਲਿਆ ਗਿਆ ਇਕ ਦਰੁਸਤ ਫ਼ੈਸਲਾ ਹੈ। ਜਿਸ ਦੇ ਅਨੇਕਾਂ ਸਾਰਥਿਕ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਦੇ ਮੁਖੀ ਦੇ ਉਪਰਾਲਿਆਂ ਸਦਕਾ ਮਹਾਰਾਸ਼ਟਰ ਵਿੱਚ ਸਰਕਾਰ ਨੇ ਸਿੱਖ ਕੌਮ ਦੀ ਭਲਾਈ ਅਤੇ ਵਿਕਾਸ ਲਈ ਕਈ ਨੀਤੀਆਂ ਲਾਗੂ ਕੀਤੀਆਂ ਹਨ। ਇਨ੍ਹਾਂ ਵਿਚ ਮਹਾਰਾਸ਼ਟਰ ਸਰਕਾਰ ਵਿਚ ਨੁਮਾਇੰਦਗੀ ਸਬੰਧੀ ਪਹਿਲੀ ਵਾਰ 11 ਮੈਂਬਰੀ ਸਿੱਖ ਪ੍ਰਤੀਨਿਧ ਕਮੇਟੀ ਦਾ ਗਠਨ, ਮਹਾਰਾਸ਼ਟਰ ਘੱਟ ਗਿਣਤੀ ਕਮਿਸ਼ਨ ਵਿਚ ਸਿੱਖ ਮੈਂਬਰ ਦੀ ਨਿਯੁਕਤੀ, ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੀ ਪੁਨਰ ਸੁਰਜੀਤੀ ਆਦਿ ਅਹਿਮ ਅਤੇ ਇਤਿਹਾਸਕ ਮੀਲ ਪੱਥਰ ਵਾਲੇ ਕਦਮ ਸ਼ਾਮਿਲ ਹਨ। ਇਸ ਤੋਂ ਇਲਾਵਾ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਭਾਜਪਾ ਦੇ ਤਾਕਤਵਰ ਆਗੂ ਦਵਿੰਦਰ ਫੜਨਵੀਸ ਕੋਲ ਮਹਾਰਾਸ਼ਟਰ ਦੇ ਸਥਾਨਕ ਅਤੇ ਕੇਂਦਰ ਸਰਕਾਰ ਨਾਲ ਸਬੰਧਿਤ ਸਿੱਖ ਮੁੱਦਿਆਂ ਨੂੰ ਕੇਂਦਰ ਤੋਂ ਹੱਲ ਕਰਵਾਉਂਦਿਆਂ ਸਿੱਖ ਕੌਮ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਦਾ ਮੁੱਦਾ ਲਿਖਤੀ ਰੂਪ 'ਚ ਉਠਾਇਆ। ਜਿਨ੍ਹਾਂ 'ਚ ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦਾ ਮੁੱਦਾ ਸੰਗਤ ਦੀਆਂ ਭਾਵਨਾਵਾਂ ਦੇ ਅਨੁਸਾਰ ਹੱਲ ਕਰਨ ਅਤੇ ਨਿਰੋਲ ਸਿੱਖਾਂ ਦੀ ਪ੍ਰਬੰਧਕੀ ਕਮੇਟੀ ਗਠਿਤ ਕਰਨ, ਤਖ਼ਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਨਵੀਂ ਮੁੰਬਈ ਤੋਂ ਵੰਦੇ-ਭਾਰਤ ਟਰੇਨਾਂ ਚਲਾਈਆਂ ਜਾਣ, ਮੁੰਬਈ ਵੱਸਦੀ ਗੁਰੂ ਨਾਨਕ ਨਾਮ ਸੇਵਾ ਸੰਗਤ ਨੂੰ ਆਪਣੇ ਧਾਰਮਿਕ ਅਤੇ ਸਭਿਆਚਾਰਕ ਪ੍ਰੋਗਰਾਮ ਮਨਾਉਣ ਲਈ ਨਵੀਂ ਮੁੰਬਈ ਵਿਖੇ ਆਡੀਟੋਰੀਅਮ ਹਾਲ ਭਵਨ, ਡਿਜੀਟਲ ਲਾਇਬ੍ਰੇਰੀ ਅਤੇ ਸੈਮੀਨਾਰ ਹਾਲ ਆਦਿ ਦੇ ਨਿਰਮਾਣ ਲਈ ਇਕ ਵੱਡਾ ਮੈਦਾਨ ਅਲਾਟ ਕੀਤੇ ਜਾਣ, ਸਿੱਖਾਂ ਦੀ ਮਹਾਰਾਸ਼ਟਰ ਅਸੈਂਬਲੀ (MLC) ਵਿਚ ਨੁਮਾਇੰਦਗੀ ਯਕੀਨੀ ਬਣਾਉਣ, ਲੁਬਾਣਾ ਸਮਾਜ, ਵਣਜਾਰਾ ਸਮਾਜ ਅਤੇ ਸਿਕਲੀਗਰ ਸਮਾਜ ਦੇ ਜ਼ਰੂਰਤ ਮੰਦ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦਿਆਂ ਉਨ੍ਹਾਂ ਦੀ ਸਮਾਜਿਕ ਅਤੇ ਆਰਥਿਕ ਹਾਲਤ ਸੁਧਾਰਨ ਲੋੜੀਂਦੀ ਨੀਤੀ ਬਣਾਉਣ ਅਤੇ ਸਿੱਖ ਸਮਾਜ ਦੇ ਨੁਮਾਇੰਦਿਆਂ ਦਾ ਇੱਕ ਆਰਥਿਕ ਮਹਾ-ਮੰਡਲ ਗਠਿਤ ਕਰਨਾ ਵੀ ਸ਼ਾਮਿਲ ਹੈ। ਦਮਦਮੀ ਟਕਸਾਲ ਦੇ ਆਗੂਆਂ ਨੇ ਕਿਹਾ ਕਿ ਸਥਾਨਕ ਸਿੱਖਾਂ ਪ੍ਰਤੀ ਉਪਰੋਕਤ ਤੋਂ ਇਲਾਵਾ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕੇਂਦਰ ਸਰਕਾਰ ਵੱਲੋਂ ਲੰਮੇ ਸਮੇਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਮੁੱਚੇ ਬੰਦੀ ਸਿੰਘਾਂ ਨੂੰ ਬਿਨਾਂ ਕਿਸੇ ਸ਼ਰਤ ਰਿਹਾਅ ਕਰਨ, ਵੱਖ-ਵੱਖ ਸੂਬਿਆਂ ਵਿੱਚ ਸਥਿਤ ਸਿੱਖ ਗੁਰਧਾਮਾਂ ਦੇ ਮਸਲੇ ਜਿਵੇਂ ਗੁਰਦੁਆਰਾ ਡਾਂਗ ਮਾਰ ਸਾਹਿਬ ਸਿੱਕਮ, ਗੁਰਦੁਆਰਾ ਚੁੰਘ ਗਾਗ ਸਾਹਿਬ ਸਿੱਕਮ, ਗੁਰਦੁਆਰਾ ਗਿਆਨ ਗੋਦੜੀ ਸਾਹਿਬ ਹਰਿਦੁਆਰ ਉਤਰਾਖੰਡ, ਗੁਰਦੁਆਰਾ ਮੰਗੂ ਮੰਨ ਸਾਹਿਬ ਉੜੀਸਾ, ਗੁਰਦੁਆਰਾ ਬਾਉਲੀ ਮੱਠ ਸਾਹਿਬ ਜਗਨਨਾਥ ਪੁਰੀ, ਗੁਰਦੁਆਰਾ ਤਪ ਅਸਥਾਨ ਗੁਰੂ ਨਾਨਕ ਦੇਵ ਜੀ ਨੇਚਲਾ ਅਰੁਣਾਚਲ ਪ੍ਰਦੇਸ਼ ਅਤੇ ਮੇਘਾਲਿਆ ਵਿੱਚ 200 ਸਾਲ ਪੁਰਾਣਾ ਗੁਰਦੁਆਰਾ ਸਾਹਿਬ ਢਾਉਣ ਅਤੇ ਪੰਜਾਬੀ ਲੇਨ ਕਾਲੋਨੀ ਦੇ ਸਿੱਖਾਂ ਦੇ ਘਰ ਢਾਉਣ ਆਦਿ ਮਾਮਲੇ ਫ਼ੌਰੀ ਤੌਰ 'ਤੇ ਹੱਲ ਕੀਤੇ ਜਾਣ, 1974 ਤੋਂ 1995 ਤੱਕ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਕਾਰਨ ਸਿੱਖਾਂ ਦਾ ਜੋ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ ਉਸ ਲਈ ਸਮੂਹ ਪ੍ਰਭਾਵਿਤ ਪਰਿਵਾਰਾਂ ਨੂੰ ਮਾਲੀ ਮਦਦ ਦੇਣ, ਪੰਜਾਬ ਦੀ ਕਿਸਾਨੀ ਨੂੰ ਸਾਰੀਆਂ ਫ਼ਸਲਾਂ ਉੱਤੇ MSP ਦੇਣ, NSA ਵਰਗੇ ਕਾਲੇ ਕਾਨੂੰਨਾਂ ਅਧੀਨ ਪਿਛਲੇ ਸਮੇਂ ਵਿਚ ਜੋ ਸਿੱਖ ਨੌਜਵਾਨ ਜੇਲ੍ਹਾਂ ਵਿਚ ਡੱਕੇ ਗਏ ਸਮੁੱਚੇ ਸਿੱਖ ਨੌਜਵਾਨਾਂ ਦੀ ਜਲਦੀ ਤੋਂ ਜਲਦੀ ਬਿਨਾਂ ਸ਼ਰਤ ਰਿਹਾਅ ਕਰਨ, ਅਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਵੱਸਦੇ ਸਿੱਖਾਂ ਦੀ ਭਲਾਈ ਲਈ ਅਤੇ ਉਹਨਾਂ ਦੇ ਬਣਦੇ ਹੱਕਾਂ ਦੀ ਪੂਰਤੀ ਲਈ ਉਹਨਾਂ ਨੂੰ ਰਾਜ ਘੱਟ ਗਿਣਤੀ ਕਮਿਸ਼ਨਾਂ ਅਤੇ ਸਿੱਖ ਭਲਾਈ ਬੋਰਡਾਂ ਦਾ ਗਠਨ ਕਰਕੇ ਸਿੱਖਾਂ ਭਾਈਚਾਰੇ ਨੂੰ ਸਰਕਾਰਾਂ ਵਿਚ ਨੁਮਾਇੰਦਗੀ ਦੇਣ ਬਾਰੇ ਉਠਾਏ ਗਏ ਮੁੱਦਿਆਂ 'ਤੇ ਸ੍ਰੀ ਦਵਿੰਦਰ ਫੜਨਵੀਸ ਨੇ ਚੰਗਾ ਹੁੰਗਾਰਾ ਭਰਿਆ ਹੈ। ਉਨ੍ਹਾਂ ਕਿਹਾ ਕਿ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਅਤੇ ਮਾਰਗਦਰਸ਼ਨ ਪੰਥ ਨੂੰ ਦਰਪੇਸ਼ ਬਹੁਪੱਖੀ ਚੁਣੌਤੀਆਂ ਦਾ ਸਹੀ ਢੰਗ ਨਾਲ ਹੱਲ ਕਰਨ ਦੇ ਸਮਰੱਥ ਹੈ। ••

ਆਵਾਜ਼ਿ ਕੌਮ AWAZE QAUM

### ਖਾਲਸਾ ਕਾਲਜ ਮਹਿਤਾ ਦੇ ਵਿਦਿਆਰਥੀਆਂ ਦਾ

# ਧਾਰਮਿਕ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ



**ਚੌਕ ਮਹਿਤਾ, 24 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਵੱਲੋਂ ਧਾਰਮਿਕ / ਵਿਦਿਅਕ ਮੁਕਾਬਲਿਆਂ ਵਿੱਚ ਹਿੱਸਾ ਲਿਆ । ਇਹ ਮੁਕਾਬਲੇ ਦੇਸ਼ , ਧਰਮ ਅਤੇ ਕੌਮ ਲਈ ਲਾਸਾਨੀ ਕੁਰਬਾਨੀਆਂ ਕਰਨ ਵਾਲੇ ਸਮੂਹ ਸ਼ਹੀਦ ਸਿੰਘਾਂ ਨੂੰ ਸਮਰਪਿਤ, 'ਦਮਦਮੀ ਟਕਸਾਲ ਰਣਜੀਤ ਅਖਾੜਾ ਗੁਰਮਿਤ ਵਿਦਿਆਲਾ' ਵੱਲੋਂ ਵਡਾਲਾ ਗ੍ਰੰਥੀਆਂ ਵਿਖੇ 22 ਨਵੰਬਰ ਨੂੰ ਕਰਵਾਏ ਗਏ ।ਜਿਸ ਵਿੱਚ ਸੋਲੋ ਸ਼ਬਦ ਗਾਇਨ ਵਿੱਚ 'ਹਰਪ੍ਰੀਤ ਕੌਰ' ਅਤੇ ਗਰੁੱਪ ਸ਼ਬਦ ਗਾਇਨ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਪਹਿਲਾ ਸਥਾਨ ਹਾਸਿਲ ਕੀਤਾ ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਆਪਣੇ ਸ਼ਾਨਮਤੇ ਵਿਰਸੇ ਨਾਲ ਜੁੜ ਕੇ ਇੱਕ ਸੁਹਿਰਦ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕੀਤਾ। ਇਸ ਸੁਨਹਿਰੇ ਅਵਸਰ 'ਤੇ ਕਾਲਜ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ, ਸਕੂਲ ਪ੍ਰਿੰਸੀਪਲ ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ , ਸੁਖਦੇਵ ਸਿੰਘ , ਪ੍ਰੋਫੈਸਰ ਸਾਹਿਬਾਨ ਅਤੇ ਕਾਬਲ ਸਿੰਘ ਨੇ ਸਮੂਹ ਜੇਤੂ ਵਿਦਿਆਰਥੀਆਂ ਮੁਬਾਰਕਬਾਦ ਦਿੱਤੀ।

### ਮੁੱਖ ਮੰਤਰੀ ਮਾਨ ਤੇ ਈ.ਟੀ.ਓ. ਦੀ ਅਗਵਾਈ 'ਚ 'ਆਪ' ਨੂੰ ਮਿਲੀ ਵੱਡੀ ਜਿੱਤ : ਚੇਅਰਮੈਨ ਰੰਧਾਵਾ

# 3 ਸੀਟਾਂ ਜਿੱਤਣ ਤੇ ਬਲਾਕ ਪ੍ਰਧਾਨਾਂ, ਸਰਪੰਚਾਂ ਤੇ ਵਰਕਰਾਂ ਨੇ ਵੰਡੇ ਲੱਡੂ



**ਚੌਕ ਮਹਿਤਾ, 24 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਜਿਮਨੀ ਚੋਣਾਂ ਦੌਰਾਨ ਪੰਜਾਬ ਚ ਤਿੰਨ ਸ਼ੀਟਾਂ ਤੇ ਆਮ ਆਦਮੀ ਪਾਰਟੀ ਦੀ ਹੋਈ ਜਬਰਦਸਤ ਜਿੱਤ ਦੀ ਖੁਸ਼ੀ ਵਿਚ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਡਾ.ਗੁਰਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਵਿਚ ਅੱਜ ਇਲਾਕੇ ਦੇ ਸਰਪੰਚਾਂ, ਬਲਾਕ ਪ੍ਰਧਾਨਾਂ ਅਤੇ ਵਰਕਰਾਂ ਨੇ ਢੋਲ ਦੇ ਡਗੇ ਭੰਗੜੇ ਪਾਏ ਤੇ ਲੱਡੂ ਵੰਡ ਕੇ ਖੁਸ਼ੀ ਮਨਾਈ। ਇਸ ਦੌਰਾਨ ਚੇਅਰਮੈਨ ਡਾ. ਗੁਰਵਿੰਦਰ ਸਿੰਘ ਰੰਧਾਵਾ, ਬਲਾਕ ਪ੍ਰਧਾਨ ਤੇ ਚੌਂਕ ਮਹਿਤਾ ਦੇ ਸਰਪੰਚ ਅਜੈ ਗਾਂਧੀ, ਬਲਾਕ ਪ੍ਰਧਾਨ ਜਰਮਨ ਉਦੋਨੰਗਲ, ਬਲਾਕ ਪ੍ਰਧਾਨ ਗੁਰਜਿੰਦਰ ਸਿੰਘ ਘੁਹਾਟਵਿੰਡ, ਸੀਨੀਅਰ 'ਆਪ' ਆਗੂ ਸੁੱਖ ਰੰਧਾਵਾ, ਬਲਜੀਤ ਸਿੰਘ ਚਾਹਲ ਜਨਰਲ ਸੈਕਟਰੀ (ਪੰਜਾਬ) ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਸਮੇਤ ਸਮੁੱਚੀ ਪਾਰਟੀ ਹਾਈਕਮਾਂਡ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਮਾਨ ਤੇ ਮੰਤਰੀ ਈ.ਟੀ.ਓ. ਦੀ ਯੋਗ ਅਗਵਾਈ ਅਤੇ ਮਾਰਗ ਦਰਸ਼ਨ 'ਚ ਪਾਰਟੀ ਨੇ 4 'ਚੋਂ 3 ਸੀਟਾਂ 'ਤੇ ਵੱਡੀ ਜਿੱਤ ਹਾਸਲ ਕੀਤੀ ਹੈ। ਜਿਸ ਨਾਲ 'ਆਪ' ਦੇ ਵਿਧਾਇਕਾਂ ਦੀ ਗਿਣਤੀ 94 ਹੋ ਗਈ ਹੈ। ਉਨ੍ਹਾਂ ਨੇ ਵੋਟਰਾਂ ਦੇ ਨਾਲ-ਨਾਲ ਸਾਰੇ ਵਾਲੰਟੀਅਰਾਂ ਅਤੇ ਹੋਰਨਾਂ ਅਹੁਦੇਦਾਰਾਂ ਦਾ ਇਨਾਂ ਚੋਣਾਂ ਵਿਚ ਕੀਤੀ ਮਿਹਨਤ ਲਈ ਧੰਨਵਾਦ ਕੀਤਾ ਹੈ। ਇਸ ਮੌਕੇ ਸਰਪੰਚ ਮਨਜੀਤ ਸਿੰਘ ਮਲਕ ਨੰਗਲ, ਸਰਪੰਚ ਹਰਪ੍ਰੀਤ ਸਿੰਘ ਉਦੋਨੰਗਲ, ਸਰਪੰਚ ਬਲਵਿੰਦਰ ਸਿੰਘ ਰਜਧਾਨ, ਸਰਪੰਚ ਮੇਜਰ ਸਿੰਘ ਖੱਬੇਰਾਜਪੂਤਾਂ, ਸਰਪੰਚ ਲਖਵਿੰਦਰ ਸਿੰਘ ਉਸਮਾਂ (ਠੇਕੇਦਾਰ), ਸਰਪੰਚ ਦਿਲਬਾਗ ਸਿੰਘ ਦਿਆਲਗੜ੍ਹ, ਸਰਪੰਚ ਪ੍ਰਗਟ ਸਿੰਘ ਬੱਲ ਬੁੱਟਰ, ਨਿਸ਼ਾਨ ਸਿੰਘ ਗੋਲਡੀ ਦਬੁਰਜੀ, ਸਰਪੰਚ ਰਣਜੀਤ ਸਿੰਘ ਸੰਤ ਗੁਰਬਚਨ ਸਿੰਘ ਨਗਰ ਮਹਿਤਾ, ਸਰਪੰਚ ਬਲਵਿੰਦਰ ਸਿੰਘ ਨਵੀਂ ਨੰਗਲੀ, ਸਰਪੰਚ ਪਲਵਿੰਦਰ ਸਿੰਘ ਨੰਗਲੀ ਖੁਰਦ, ਸਰਪੰਚ ਸੁਰਜਨ ਸਿੰਘ ਨੰਗਲੀ, ਸਰਪੰਚ ਗੁਰਵੇਲ ਸਿੰਘ ਜਲਾਲ, ਸਰਪੰਚ ਸੋਨੀ ਧਰਦਿਓ, ਸਰਪੰਚ ਸੁਖਜਿੰਦਰ ਸਿੰਘ ਭੱਟੀਕੇ,

ਸਰਪੰਚ ਇੰਦਰਜੀਤ ਸਿੰਘ ਬੁੱਟਰ ਖੁਰਦ, ਸਰਪੰਚ ਬਲਜੀਤ ਸਿੰਘ ਸੈਦੋਕੇ, ਸਰਪੰਚ ਹਰਿੰਦਰ ਸਿੰਘ ਪੱਲਾ, ਸਰਪੰਚ ਕੁਲਦੀਪ ਕੌਰ ਨਵਾਬਪੁਰ, ਸਰਪੰਚ ਰਣਜੀਤ ਕੌਰ ਘੁਹਾਟਵਿੰਡ, ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਅਰੀਵਾਲ,, ਪ੍ਰਧਾਨ ਦਵਿੰਦਰ ਸਿੰਘ ਮੱਲ੍ਹੀ ਆੜ੍ਹਤੀਆ, ਰਾਣਾ ਸ਼ਾਹ ਧਰਦਿਓ, ਜਥੇ. ਅਮਰਜੀਤ ਸਿੰਘ ਭੋਲਾ ਪੰਚ, ਹਰਜੀਤ ਸਿੰਘ ਮਹਿਤੀਆ ਪੰਚ, ਪ੍ਰਧਾਨ ਅਜੀਤ ਸਿੰਘ, ਦਇਆ ਸਿੰਘ ਮਹਿਤਾ, ਪ੍ਰਧਾਨ ਜਗਮੇਲ ਸਿੰਘ, ਜਸਕਰਨ ਸਿੰਘ ਚੀਨਾ, ਪ੍ਰਧਾਨ ਬਲਜੀਤ ਕੌਰ ਪੱਲਾ, ਰਾਜਵਿੰਦਰ ਸਿੰਘ ਲਾਡੀ, ਸਵਰਨ ਸਿੰਘ ਮੰਡੀ ਬੋਰਡ, ਭਗਤ ਸਿੰਘ, ਦਵਿੰਦਰ ਸਿੰਘ ਨੰਗਲੀ, ਸਰੂਪ ਸਿੰਘ ਬੁੱਟਰ, ਪਾਲ ਸਿੰਘ ਸਾਬਕਾ ਪੰਚ, ਸਵਿੰਦਰ ਸਿੰਘ ਨੰਗਲੀ ਕਲਾਂ, ਜਸਵੰਤ ਸਿੰਘ, ਕਰਮਜੀਤ ਸਿੰਘ ਤੇ ਬੱਗਾ ਸਿੰਘ ਤਿੰਨੇ ਘੁਹਾਟਵਿੰਡ, ਪ੍ਰਦੀਪ ਸਿੰਘ ਗੋਰਾ ਪੰਚ, ਸੁਖਜੀਤ ਸਿੰਘ ਰਾਜੂ ਪੰਚ, ਅਜੀਤ ਸਿੰਘ ਬੱਬੀ ਪੰਚ, ਦਲਜੀਤ ਸਿੰਘ ਘਾਨੀ ਪੰਚ, ਪਰਮਜੀਤ ਸਿੰਘ ਪੰਮਾ ਪੰਚ, ਰਸ਼ਪਾਲ ਸਿੰਘ ਨੂਰੀ ਪੰਚ, ਪ੍ਰਗਟ ਸਿੰਘ ਹੀਰਾ ਪੰਚ, ਜੋਗਿੰਦਰਪਾਲ ਸਿੰਘ ਪੰਚ, ਜਗਤਾਰ ਸਿੰਘ ਪੰਚ, ਜਸਵਿੰਦਰ ਸਿੰਘ ਧਰਦਿਓ, ਜਗਤਾਰ ਸਿੰਘ ਤੇ ਰਣਜੀਤ ਸਿੰਘ ਦੋਵੇਂ ਧਰਮੂਚੱਕ ਹਾਜਰ ਸਨ।

# ਪਰਗਟ ਸਿਆਂ ਤੂੰ ਕਾਹਦਾ ਮਰਦ ਜੇ ਕਿਸੇ ਦਾ ਅਹਿਸਾਨ ਵਿੱਚ ਦਿੱਤਾ ਪਾਣੀ ਦਾ ਗਿਲਾਸ ਵੀ ਭੁੱਲ ਜਾਵੇ ਤਾਂ ?



ਨਾ ਸ਼ੁਕਰੇ ਬੰਦੇ ਤਾਂ ਇੱਥੇ ਰੱਬ ਦੀਆਂ ਦਿੱਤੀਆਂ ਬਰਕਤਾਂ ਨੂੰ ਵੀ ਭੁੱਲ ਜਾਂਦੇ ਨੇ । ਨਾ ਸ਼ੁਕਰ ਬੰਦੇ ਤਾਂ ਇੱਥੇ ਖ਼ੂਨ ਦੀ ਦਿੱਤੀ ਬੋਤਲ ਵੀ ਭੁੱਲ ਜਾਂਦੇ ਨੇ ।ਪਰ ਉਹਨਾਂ ਦੀ ਗਿਣਤੀ ਤੁਸੀਂ ਮਰਦਾਂ ਚ ਨਹੀਂ ਕਰ ਸਕਦੇ । ਸੰਸਾਰ ਤੇ ਅਸਲ ਮਰਦ ਤਾਂ ਉਹੀ ਆ ਜਿਹੜਾ ਅਹਿਸਾਨ ਵਿੱਚ ਕਿਸੇ ਦਾ ਦਿੱਤਾ ਪਾਣੀ ਦਾ ਗਿਲਾਸ ਨਾ ਭੁੱਲੇ। ਵਾਹਿਗੁਰੂ ਜੀ ਅੱਗੇ ਹੱਥ ਜੋੜ ਕੇ ਇੱਕੋ ਹੀ ਅਰਦਾਸ ਆ ਉਮਰ ਚਾਹੇ ਥੋੜੀ ਬਖਸ਼ੀ ਪਰ ਜਿਉਂਦੇ ਜੀ ਪਰਉਪਕਾਰੀ ਸ਼ਖਸ਼ੀਅਤਾਂ ਦੇ ਕੀਤੇ ਹੋਏ ਪਰਉਪਕਾਰ ਨਾ ਭੁੱਲਾਂ ਅਣਖ ਤੇ ਗੈਰਤ ਆਲੀ ਬਾਤ

-ਪਰਗਟ ਸਿੰਘ ਬਲਬੇੜਾ, 9022000070

# ਆਪ ਦੀ ਜਿੱਤ ਤੇ ਸਮੂਹ ਆਪ ਹਾਈਕਮਾਂਡ, ਆਗੂਆਂ ਤੇ ਵਰਕਰਾ ਨੂੰ ਦਿੱਤੀ ਵਧਾਈ, ਹਰਜਿੰਦਰ ਸਿੰਘ ਜਲਾਲ ਉਸਮਾ, ਬੂਟਾ ਸਿੰਘ











**ਚੌਕ ਮਹਿਤਾ, 24 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਪੰਜਾਬ ਵਿੱਚ ਹੋਈਆ ਉਪ ਚੌਣਾ ਦੇ ਨਤੀਜਿਆ ਨੇ ਜਿਥੇ ਪੰਜਾਬ ਵਿਧਾਨਸਭਾ 2027 , ਦੀਆ ਚੌਣਾ ਚ ਆਪ ਦੀ ਵੱਡੀ ਜਿੱਤ ਦਾ ਨੀਂਹ ਪੱਥਰ ਰੱਖ ਦਿੱਤਾ ਹੈ ਉਥੇ ਇਨਾ ਨਤੀਜਿਆ ਨੇ ਕਾਂਗਰਸ ਦਾ ਹੰਕਾਰ ਤੋੜਦੇ ਹੋਏ ਉਨਾ ਨੂੰ ਸ਼ੀਸ਼ਾ ਦਿਖਾਇਆ ਹੈ, ਇਨਾ ਸ਼ਬਦਾ ਦਾ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਤੋ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸ੍ਰ ਹਰਭਜਨ ਸਿੰਘ ਈਟੀਉ ਨੇ ਕੀਤਾ ਤੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਸ੍ਰੀ ਵਿਨੀਤ ਵਰਮਾ ਮੈਂਬਰ ਟ੍ਰੇਡਰਜ ਕਮਿਸ਼ਨ ਪੰਜਾਬ ਸਰਕਾਰ ਸ਼ੀਤਲ ਜਨੈਜਾ ਮੈਬਰ ਟ੍ਰੇਡਰਜ ਕਮਿਸ਼ਨ ਪੰਜਾਬ ਸਰਕਾਰ ਤੇ ਹਰਜਿੰਦਰ ਸਿੰਘ ਰੰਧਾਵਾ ਐਕਸਾਈਜ ਤੇ ਟੈਕਸੇਸ਼ਨ ਸਲਾਹਕਾਰ ਕਮੇਟੀ ਮੈਬਰ, ਪੰਜਾਬ ਸਰਕਾਰ, ਤੇ ਜਿੱਲਾ ਵਾਈਸ਼ ਪ੍ਰਧਾਨ ਵਪਾਰ ਮੰਡਲ ਅੰਮ੍ਰਿਤਸਰ ਬੂਟਾ ਸਿੰਘ ਜਲਾਲ ਮੀਡੀਆ ਇੰਚਾਰਜ ਜੰਡਿਆਲਾ ਨੇ ਕੀਤਾ ਕਿਹਾ ਕੇ ਪੰਜਾਬ ਚ ਚਾਰ ਸ਼ੀਟਾ ਤੇ ਹੋਈਆ ਉਪ ਚੋਣਾ ਚ ਤਿੰਨ ਸੀਟਾ ਡੇਰਾ ਬਾਬਾ ਨਾਨਕ ਗਿੱਦੜਬਾਹਾ ਅਤੇ ਚੱਬੇਵਾਲ ਚ ਆਪ ਉਮੀਦਵਾਰ ਦੀ ਹੋਈ ਵੱਡੀ ਜਿੱਤ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆ ਕੀਤਾ ਉਨਾ ਕਿਹਾ ਕਿ ਪੰਜਾਬ ਚ ਹੋਈਆ ਇਨਾ ਚਾਰ ਸੀਟਾ ਤੇ ਚੌਣਾ ਚ ਇਕ ਸੀਟ ਗਿੱਦੜਬਾਹਾ ਤੋ ਪੰਜਾਬ ਕਾਂਗਰਸ ਪ੍ਰਧਾਨ ਦੀ ਪਤਨੀ ਅਤੇ ਇਕ ਸੀਟ ਡੇਰਾ ਬਾਬਾ ਨਾਨਕ ਤੋ ਪੰਜਾਬ ਦੇ ਸ਼ਾਬਕਾ ਉਪ ਮੁੱਖ ਮੰਤਰੀ ਦੀ ਪਤਨੀ ਵਲੋ ਲੜੀ ਗਈ ਸੀ ਇਨਾ ਦੋਨਾ ਸੀਟਾ ਸਮੇਤ ਚੱਬੇਵਾਲ ਦੀ ਸੀਟ ਵੀ ਆਪ ਵਲੋ ਸ਼ਾਨ ਨਾਲ ਜਿੱਤੀ ਗਈ ਜਿਸ ਤੋ ਇਹ ਪੂਰੀ ਤਰਾ ਸਾਬਿਤ ਹੋ ਗਿਆ ਹੈ ਕਿ ਪੰਜਾਬ ਦੀ ਜਨਤਾ ਆਪ ਸਰਕਾਰ ਦੀਆ ਨੀਤੀਆ ਤੋ ਪੂਰੀ ਤਰਾ ਖੁਸ਼ ਤੇ ਸੰਤੁਸ਼ਟ ਹੈ ਪੰਜਾਬ ਦੀ ਜਨਤਾ ਹੁਣ ਕਾਂਗਰਸ ਦੇ ਝੂਠੇ ਵਾਅਦਿਆ ਚ ਨਹੀ ਫਸ਼ ਰਹੀ ਉਹਨਾ ਪੰਜਾਬ ਵਾਸੀਆ ਦਾ ਤਹਿ ਦਿਲੋ ਧੰਨਵਾਦ ਕਰਦਿਆ ਕਿਹਾ ਕਿ ਜੋ ਆਸ ਕਰਕੇ ਜਨਤਾ ਨੇ ਆਪ ਉਮੀਦਵਾਰਾ ਨੂੰ ਇਨਾ ਚੌਣਾ ਵਿਚ ਜਿੱਤ ਦਿਵਾਈ ਹੈ ਸਮੂਹ ਆਪ ਪਾਰਟੀ ਪੰਜਾਬ ਵਾਸੀਆ ਦੀਆ ਉਮੀਦਾ ਪਹਿਲਾ ਵਾਗ ਹੀ ਖਰੀ ਉਤਰੇਗੀ ਤੇ ਪੰਜਾਬ ਦਾ ਬਿਨਾ ਕਿਸੇ ਪੱਖਪਾਤ ਤੋ ਸੰਪੂਰਨ ਵਿਕਾਸ਼ ਕਰਵਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾਵੇਗਾ ਇਸ ਮੋਕੇ ਉਨਾ ਹਲਕਾ ਡੇਰਾ ਬਾਬਾ ਨਾਨਕ ਤੋ ਜੇਤੂ ਸ੍ਰ ਗੁਰਦੀਪ ਸਿੰਘ ਰੰਧਾਵਾ ਹਲਕਾ ਗਿੱਦੜਬਾਹਾ ਤੋ ਸ੍ਰ ਡਿੰਮੀ ਢਿੱਲੋ ਅਤੇ ਹਲਕਾ ਚੱਬੇਵਾਲ ਤੋ ਡਾਕਟਰ ਇਸ਼ਾਕ ਜੀ ਸਮੇਤ ਸਮੂਹ ਆਪ ਹਾਈਕਮਾਂਡ, ਆਗੂਆ ਤੇ ਵਰਕਰਾ ਨੂੰ ਵਧਾਈ ਦਿੰਦਿਆ ਸਮੂਹ ਵੋਟਰਾ ਤੇ ਸਪੋਟਰਾ ਦਾ ਧੰਨਵਾਦ ਕੀਤਾ ਇਸ ਮੌਕੇ ਸਰਪੰਚ ਸ੍ਰ ਲਖਵਿੰਦਰ ਸਿੰਘ ਉਸ਼ਮਾ ਠੇਕੇਦਾਰ, ਗੁਰਵੇਲ ਸਿੰਘ ਸਰਪੰਚ ਜਲਾਲ ਸੁਰਜੀਤ ਸਿੰਘ ਕੰਗ ਪੰਜਾਬ ਸਕੱਤਰ ਕਿਸ਼ਾਨ ਵਿੰਗ ਅਵਤਾਰ ਸਿੰਘ ਵਿਰਕ ਮੀਡੀਆ ਇੰਚਾਰਜ ਬਾਬਾ ਬਕਾਲਾ ਸਰਪੰਚ ਜੋਬਨਜੀਤ ਸਿੰਘ ਘੁਹਾਟਵਿੰਡ ਸਰਪੰਚ ਰਮਿੰਦਰਜੀਤ ਸਿੰਘ ਨਵਾਬਪੁਰ ਸਰਪੰਚ ਅਜੇ ਗਾਧੀ ਜੀ ਮਹਿਤਾ ਚੋਕ ਆਪ ਆਗੂ ਜਗਜੀਤ ਸਿੰਘ ਉਸ਼ਮਾ ਪੰਚ ਸੁਖਦੇਵ ਸਿੰਘ ਉਸ਼ਮਾ ਸਤਨਾਮ ਸਿੰਘ ਉਸ਼ਮਾ ਡਾਕਟਰ ਅਵਤਾਰ ਸਿੰਘ ਜਲਾਲ ਪੰਚ ਨਿਰਮਲ ਸਿੰਘ ਉਸ਼ਮਾ ਆਪ ਆਗੂ ਗੁਰਚਰਨ ਸਿੰਘ ਉਸ਼ਮਾ ਆਦਿ ਹਾਜ਼ਰ ਸਨ।

### ਤਾਂਤਰਿਕ ਔਰਤ ਨੇ ਆਪਣੀ ਚੇਲੀ ਦੇ ਘਰ ਵਾਲੇ ਦਾ ਕਤਲ ਕਰਕੇ ਲਾਸ਼ ਡੂੰਘੇ ਟੋਏ 'ਚ ਦੱਬੀ

# ਪੁਲਿਸ ਪ੍ਰਸ਼ਾਸਨ ਨੇ ਫਾਰੈਸਿਕ ਮਾਹਰਾਂ ਦੀ ਟੀਮ ਨੂੰ ਸੱਦ ਕੇ ਲਾਸ਼ ਨੂੰ ਕਢਵਾਇਆ

ਤਲਵੰਡੀ ਸਾਬੋ, 24 ਨਵੰਬਰ (ਗੁਰਜੰਟ ਸਿੰਘ ਨਥੇਹਾ)- ਪਿੰਡ ਗਾਟਵਾਲੀ ਦੀ ਇੱਕ ਤਾਂਤਰਿਕਾ ਗੁਰਪ੍ਰੀਤ ਕੌਰ ਪੁੱਤਰੀ ਲੀਲਾ ਸਿੰਘ ਵੱਲੋਂ ਕਰੀਬ ਛੇ ਦਿਨ ਪਹਿਲਾਂ ਆਪਣੀ ਸਹੇਲੀ ਸੁਖਵੀਰ ਕੌਰ ਉਰਫ ਸੀਰਾਂ ਕੌਰ ਪਤਨੀ ਬਲਵੀਰ ਸਿੰਘ ਮਿਸਤਰੀ ਵਾਸੀ ਤਲਵੰਡੀ ਸਾਬੋ ਦੇ ਪਤੀ ਬਲਵੀਰ ਸਿੰਘ ਮਿਸਤਰੀ ਦਾ ਸਿਰ ਵਿਚ ਘੋਟਣਾ ਮਾਰਕੇ ਕਤਲ ਕਰ ਦਿੱਤਾ ਗਿਆ ਅਤੇ ਲਾਸ਼ ਖੁਰਦ ਬੁਰਦ ਕਰਨ ਲਈ ਪਿੰਡ ਵਿੱਚ ਹੀ ਆਪਣੀ ਮਾਸੀ ਦੇ ਘਰ ਦੇ ਪਿਛਲੇ ਪਾਸੇ ਖੇਤ ਵਿਚ ਦੱਬ ਦਿੱਤੀ ਗਈ। ਜਿਸ ਤੋਂ ਬਾਅਦ ਦੂਸਰੇ ਦਿਨ ਸੀਰਾਂ ਕੌਰ ਨੇ ਆਪਣੇ ਪਤੀ ਬਲਵੀਰ ਸਿੰਘ ਦੀ ਤਲਵੰਡੀ ਸਾਬੋ ਥਾਣੇ ਵਿਚ ਗੁੰਮ ਹੋਣ ਸਬੰਧੀ ਰਿਪੋਰਟ ਦਰਜ਼ ਕਰਵਾ ਦਿੱਤੀ ਸੀ। ਤਲਵੰਡੀ ਸਾਬੋ ਪੁਲਿਸ ਵੱਲੋਂ ਸੀਰਾਂ ਕੌਰ ਤੋਂ ਸਖ਼ਤੀ ਨਾਲ ਕੀਤੀ ਗਈ ਪੁਛਗਿੱਛ ਦੌਰਾਨ ਸੀਰਾਂ ਕੌਰ ਨੇ ਆਪਣੇ ਪਤੀ ਬਲਵੀਰ ਸਿੰਘ ਦਾ ਕਤਲ ਕਰਨ ਦੀ ਗੱਲ ਕਬੂਲ ਲਈ ਗਈ ਅਤੇ ਕਤਲ ਵਿੱਚ ਆਪਣੀ ਸਹੇਲੀ ਤਾਂਤਰਿਕਾਂ ਗੁਰਪ੍ਰੀਤ ਕੌਰ ਪੁੱਤਰੀ ਲੀਲਾ ਸਿੰਘ ਵਾਸੀ ਪਿੰਡ ਗਾਟਵਾਲੀ ਅਤੇ ਉਸਦੇ ਤਿੰਨ ਰਿਸ਼ਤੇਦਾਰ ਦਾ ਹੱਥ ਹੋਣ ਬਾਰੇ ਦੱਸਿਆ। ਪੁਲਿਸ ਨੇ ਤਾਂਤਰਿਕਾ ਗੁਰਪ੍ਰੀਤ ਕੌਰ ਨੂੰ ਗ੍ਰਿਫਤਾਰ ਕਰਕੇ ਉਸਦੇ ਦੱਸਣ ਮੁਤਾਬਿਕ ਬਲਵੀਰ ਸਿੰਘ ਦੀ ਲਾਸ਼ ਨੂੰ ਅੱਜ ਖੇਤ ਵਿੱਚੋਂ ਟੋਆ ਪੁੱਟ ਕੇ ਬਰਾਮਦ ਕਰ ਲਈ। ਪਿੰਡ ਵਾਸੀਆਂ ਦੇ ਦੱਸਣ ਅਨੁਸਾਰ ਸੀਰਾਂ ਕੌਰ ਤਾਂਤਰਿਕਾ ਗੁਰਪ੍ਰੀਤ ਕੌਰ ਕੋਲ ਪਿੰਡ ਗਾਟਵਾਲੀ ਵਿਖੇ ਪੁੱਛ ਲੈਣ ਦਾ ਬਹਾਨਾ ਬਣਾ ਕੇ ਆਉਦੀ ਜਾਂਦੀ ਰਹਿੰਦੀ ਸੀ, ਇਸ ਦੌਰਾਨ ਦੋਵਾਂ ਵਿਚਕਾਰ ਗੂੜੀ ਦੋਸਤੀ ਹੋ ਗਈ। ਬਲਵੀਰ ਸਿੰਘ ਮਿਸਤਰੀ ਆਪਣੀ ਪਤਨੀ ਸੀਰਾਂ ਕੌਰ ਨੂੰ ਤਾਂਤਰਿਕਾਂ ਕੋਲ ਆਉਣ ਜਾਣ ਤੋਂ ਰੋਕਦਾ ਸੀ, ਜਿਸ ਕਾਰਨ ਦੋਵਾਂ ਵਿਚ ਕੁਝ ਅਣਬਣ ਵੀ ਰਹਿਣ ਲੱਗ ਪਈ। ਸੀਰਾਂ ਕੌਰ ਨੇ



ਆਪਣੇ ਪਤੀ ਨੂੰ ਰਸਤੇ ਵਿੱਚੋਂ ਹਟਾਉਣ ਲਈ ਗੁਰਪ੍ਰੀਤ ਕੌਰ ਨਾਲ ਮਿਲਕੇ ਕਤਲ ਕਰਨ ਦਾ ਪਲਾਨ ਬਣਾਇਆ ਅਤੇ ਪਲਾਨ ਮੁਤਾਬਕ ਬਲਵੀਰ ਸਿੰਘ ਦਾ ਕਤਲ ਕਰਕੇ ਲਾਸ਼ ਖੇਤ ਵਿਚ ਟੋਆ ਪੁੱਟ ਕੇ ਦੱਬ ਦਿੱਤੀ ਅਤੇ ਕਤਲ ਦਾ ਮਾਮਲਾ ਖੁਰਦ ਬੁਰਦ ਕਰਨ ਲਈ ਸੀਰਾਂ ਕੌਰ ਵੱਲੋਂ ਤਲਵੰਡੀ ਸਾਬੋ ਥਾਣੇ ਵਿਚ ਆਪਣੇ ਪਤੀ ਬਲਵੀਰ ਸਿੰਘ ਦੇ ਗੁੰਮ ਹੋਣ ਸਬੰਧੀ ਰਿਪੋਰਟ ਲਿਖਵਾ ਦਿੱਤੀ ਗਈ ਕਿ ਉਸਦਾ ਪਤੀ ਬਲਵੀਰ ਸਿੰਘ ਮਿਸਤਰੀ ਘਰੋਂ ਕੰਮ ਕਰਨ ਲਈ ਦਿਹਾੜੀ ਤੇ ਗਿਆ ਸੀ ਅਤੇ ਦੇਰ ਰਾਤ ਤੱਕ ਘਰ ਵਾਪਸ ਨਹੀਂ ਆਇਆ। ਅੱਜ ਪੁਲਿਸ ਵੱਲੋਂ ਤਾਂਤਰਿਕਾ ਗੁਰਪ੍ਰੀਤ ਕੌਰ ਨੂੰ ਨਾਲ ਲਿਆ ਕੇ ਡਿਊਟੀ ਮੈਜਿਸਟਰੇਟ ਸਿਕੰਦਰ ਸਿੰਘ ਤਹਿਸੀਲਦਾਰ ਤਲਵੰਡੀ ਸਾਬੋ ਅਤੇ ਡੀ.ਐਸ.ਪੀ. ਰਾਜੇਸ਼ ਸਨੇਹੀ ਤਲਵੰਡੀ ਸਾਬੋ ਦੀ ਅਗਵਾਈ ਹੇਠ ਜ਼ਮੀਨ ਵਿਚ ਦੱਬੀ ਬਲਵੀਰ ਸਿੰਘ ਦੀ ਲਾਸ਼ ਬਰਾਮਦ ਟੋਆ ਪੁੱਟ ਕੇ ਬਰਾਮਦ ਕਰ ਲਈ ਗਈ ਅਤੇ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਗਈ। ਸ਼੍ਰੀ ਸਨੇਹੀ ਨੇ ਦੱਸਿਆ ਕਿ ਪਹਿਲੀ ਤਫਤੀਸ਼ ਵਿੱਚ ਮੰਨਿਆ ਕਿ ਗੁਰਪ੍ਰੀਤ ਕੌਰ ਅਤੇ ਸੁਖਬੀਰ ਕੌਰ ਉਰਫ ਵੀਰਾਂ ਕੌਰ ਦੋਵੇਂ ਗੂੜੀਆਂ ਸਹੇਲੀਆਂ ਸਨ ਪ੍ਰੰਤੂ ਮਿਰਤਕ ਬਲਵੀਰ ਸਿੰਘ ਆਪਣੀ ਪਤਨੀ ਨੂੰ ਗੁਰਪ੍ਰੀਤ ਕੌਰ ਕੋਲ ਜਾਣ ਤੋਂ ਰੋਕਦਾ ਸੀ। ਇਸ ਕਤਲ ਦੇ ਮਾਮਲੇ ਵਿਚ ਤਲਵੰਡੀ ਸਾਬੋ ਪੁਲਿਸ ਵੱਲੋਂ ਸੀਰਾਂ ਕੌਰ ਪਤਨੀ ਬਲਵੀਰ ਸਿੰਘ ਵਾਸੀ ਤਲਵੰਡੀ ਸਾਬੋ, ਉਸਦੀ ਚੇਲੀ ਤਾਂਤਰਿਕਾ ਗੁਰਪ੍ਰੀਤ ਕੌਰ, ਉਸਦੇ ਪਿਤਾ ਲੀਲਾ ਸਿੰਘ, ਮਾਸੀ ਵੀਰਪਾਲ ਕੌਰ ਵਾਸੀਆਨ ਗਾਟਵਾਲੀ ਅਤੇ ਗੁਰਪ੍ਰੀਤ ਕੌਰ ਦੇ ਪਤੀ ਕੁਲਵਿੰਦਰ ਸਿੰਘ ਵਾਸੀ ਨੌਰੰਗ ਦੇ ਵਿਰੁੱਧ ਕਤਲ ਦੀਆਂ ਧਾਰਾਵਾਂ ਅਧੀਨ ਮਾਮਲਾ ਦਰਜ਼ ਕਰਕੇ ਦੋ ਦੋਸ਼ੀਆਂ ਸੀਰਾਂ ਕੌਰ ਅਤੇ ਗੁਰਪ੍ਰੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਵੱਲੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ••


## 'ਪੀਂਘਾਂ ਸੋਚ ਦੀਆਂ' ਸਾਹਿਤ ਮੰਚ ਦਾ 2024

# ਸਲਾਨਾ ਪੁਰਸਕਾਰ ਸਮਾਰੋਹ ਬਹੁਤ ਧੂਮ-ਧਾਮ ਨਾਲ ਹੋਇਆ ਸੰਪਨ

## ਸੋਨੀ ਰਾਣੀ ਰਾਏਕੋਟ ਦੀ ਕਿਤਾਬ ਅਧੂਰੇ ਖ਼ਾਬ ਹੋਈ ਲੋਕ ਅਰਪਣ














**ਲੁਧਿਆਣਾ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦਾ 2024 ਸਲਾਨਾ ਪੁਰਸਕਾਰ ਸਮਾਗਮ ਮਿਤੀ 23 ਨਵੰਬਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਬੜੇ ਧੂਮ ਧਾਮ ਨਾਲ ਸੰਪਣ ਹੋਇਆ। ਇਸ ਸਮੇਂ ਸੋਣੀ ਰਾਣੀ ਰਾਏਕੋਟ ਜੀ ਦੀ ਕਿਤਾਬ ਦਾ ਨੂੰ ਵੀ ਲੋਕ ਅਰਪਣ ਕੀਤਾ ਗਿਆ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਸੰਸਥਾਪਕ ਰਸ਼ਿਪੰਦਰ ਕੌਰ ਗਿੱਲ ਜੀ ਨੇ ਦੱਸਿਆ ਕਿ ਸਾਡਾ ਮੰਚ ਹਰ ਸਾਲ ਸਲਾਨਾ ਪੁਰਸਕਾਰ ਸਮਾਰੋਹ ਵਿੱਚ ਉੱਨਾਂ ਮੈਂਬਰਾਂ ਨੂੰ ਸਨਮਾਨਿਤ ਕਰੇਗਾ ਜੋ ਸਾਰਾ ਸਾਲ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਕੀਤੇ ਜਾ ਰਹੇ ਕਾਰਜਾਂ ਵਿੱਚ ਆਪਣਾ ਕਿਸੇ ਵੀ ਪੱਖ ਤੋਂ ਯੋਗਦਾਨ ਪਾਉਣਗੇ। ਹਰ ਸਾਲ ਪੀਂਘਾਂ ਸੋਚ ਦੀਆਂ ਐਲਬਮ ਤਿਆਰ ਕੀਤੀ ਜਾਵੇਗੀ ਜਿਸ ਵਿੱਚ ਸਾਰੇ ਸਾਲ ਵਿੱਚ ਹੋਈਆਂ ਮੰਚ ਦੀਆਂ ਗਤੀਵਿਧੀਆਂ ਬਾਰੇ ਤਸਵੀਰਾਂ ਸਮੇਤ ਜਾਣਕਾਰੀ ਦਿੱਤੀ ਜਾਵੇਗੀ। ਹਰ ਸਾਲ ਪੀਂਘਾਂ ਸੋਚ ਦੀਆਂ ਨੋਟਬੁੱਕ ਵੀ ਛਾਪੀ ਜਾਵੇਗੀ। 2024 ਦੇ ਸਲਾਨਾ ਪੁਰਸਕਾਰ ਲਈ ਮੰਚ ਵੱਲੋਂ 18 ਨਾਮ ਘੋਸ਼ਿਤ ਕੀਤੇ ਗਏ ਸਨ, ਜਿੰਨਾਂ ਨੇ ਵੱਖ ਵੱਖ ਤਰਾਂ ਆਪਣੀ ਸਮਰੱਥਾ ਅਨੁਸਾਰ ਮੰਚ ਦੇ ਕਾਰਜਾਂ ਵਿੱਚ ਯੋਗਦਾਨ ਪਾਇਆ ਸੀ। ਇਹ 18 ਨਾਮ ਹਨ– ਰਸ਼ਿਪੰਦਰ ਕੌਰ ਗਿੱਲ, ਗੁਰਬਿੰਦਰ ਕੌਰ ਟਿੱਬਾ, ਸੁਰਜੀਤ ਸਿੰਘ ਜਰਮਨੀ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਸੋਨੂੰ ਰੁੜਕੇ ਵਾਲਾ, ਰਛਪਾਲ ਸਿੰਘ, ਲਵਪ੍ਰੀਤ ਕੌਰ ਸੈਣੀ, ਇਕਬਾਲ ਸਿੰਘ ਪੁੜੈਣ, ਪਰਵੀਨ ਕੌਰ ਸਿੱਧੂ, ਡਾ.ਨਵਤੇਜ ਸਿੰਘ ਬੇਦੀ, ਤ੍ਰਿਪਤਾ ਬਰਮੌਤਾ, ਕੁਲਦੀਪ ਕੌਰ ਸਚਦੇਵਾ, ਪ੍ਰਭਜੋਤ ਸਿੰਘ, ਭਾਈ ਰਘੂਬੀਰ ਸਿੰਘ, ਪ੍ਰਸ਼ੋਤਮ ਸਰੋਏ, ਮਨਜੀਤ ਸਿੰਘ ਭੋਗਲ ਜਰਮਨੀ ਅਤੇ ਅਮਨਦੀਪ ਕੌਰ ਸਰਨਾ। ਮੰਚ ਵੱਲੋਂ ਇੰਨਾਂ ਸਭ ਮਾਨਮੱਤੀਆਂ ਸ਼ਖਸਿਅਤਾਂ ਨੂੰ ਸਨਮਾਨਿਤ ਕਰਕੇ ਮੰਚ ਨੂੰ ਬਹੁਤ ਖੁਸ਼ੀ ਹੋਈ। ਇਸ ਸਮਾਗਮ ਵਿੱਚ ਲੇਖਕ ਸੋਨੀ ਰਾਣੀ ਰਾਏਕੋਟ ਜੀ ਦੀ ਕਿਤਾਬ ਅਧੂਰੇ ਖ਼ਾਬ ਦਾ ਵੀ ਲੋਕ ਅਰਪਣ ਕੀਤਾ ਗਿਆ। ਜਿਸ ਦੀ ਛਪਾਈ ਲਈ ਮਾਇਆ ਦੀ ਸੇਵਾ ਗੁਰਬਿੰਦਰ ਕੌਰ ਜੀ ਟਿੱਬਾ ਸਪੇਨ ਵੱਲੋਂ ਕੀਤੀ ਗਈ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਚੁਣੇ ਹੋਏ 18 ਮੈਂਬਰਾਂ ਵੱਲੋਂ ਕੀਤੇ ਗਏ ਕਾਰਜਾਂ ਦਾ ਵੇਰਵਾ ਸਰੋਤਿਆਂ ਸਾਹਮਣੇ ਰੱਖਿਆ ਗਿਆ ਅਤੇ 2024 ਸਲਾਨਾ ਟਰਾਫੀ, ਮੈਡਲ, ਨਾਮ ਪਲੇਟ, ਪੀਂਘਾਂ ਸੋਚ ਦੀਆਂ ਐਲਬਮ 2024 ਅਤੇ ਪੀਂਘਾਂ ਸੋਚ ਦੀਆਂ ਨੋਟਬੁੱਕ 2024 ਦੇ ਕੇ 18 ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉੱਤੇ ਸੋਨੀ ਰਾਣੀ ਰਾਏਕੋਟ ਜੀ ਨੇ ਆਪ ਸਾਰੇ 18 ਮੈਂਬਰਾਂ ਅਤੇ ਗੁਰੂ ਪ੍ਰਮੋਦ ਹਮਦਰਦ ਬਾਈ ਅਤੇ ਨਿੰਮੀ ਸਿੰਘ ਮਮਹੋਤਰਾ ਨੂੰ ਆਪਣੀ ਕਿਤਾਬ ਅਧੂਰੇ ਖ਼ਾਬ ਅਤੇ ਯਾਦਗਿਰੀ ਚਿੰਨ ਦੇ ਕੇ ਸਨਮਾਨਿਤ ਕੀਤਾ। ਸੋਨੀ ਰਾਣੀ ਰਾਏਕੋਟ ਜੀ ਨੇ ਬੜੇ ਹੀ ਭਾਵੁਕ ਸ਼ਬਦਾਂ ਨਾਲ ਗੁਰਬਿੰਦਰ ਕੌਰ ਟਿੱਬਾ ਜੀ, ਰਸ਼ਿਪੰਦਰ ਕੌਰ ਗਿੱਲ ਜੀ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਸਮਾਰੋਹ ਵਿੱਚ ਸ਼ਿਰਕੱਤ ਕਰਣ ਲਈ ਉਚੇਚੇ ਤੌਰ ਤੇ ਪਹੁੰਚੀਆਂ ਅਦਬੀ ਸ਼ਖਸਿਅਤਾਂ ਡਾ.ਹਰੀ ਸਿੰਘ ਜਾਚਕ ਜੀ, ਚੰਦਨ ਹਾਜੀਪੁਰ ਜੀ, ਟਾਹਲੀ ਵਾਲਾ ਮੀਤ ਜੀ, ਸਿਮਰਨ ਧੁੱਗਾ ਜੀ, ਜਸਵਿੰਦਰ ਕੌਰ ਜੀ, ਸਤਵਿੰਦਰ ਸਿੰਘ ਘੁੱਗ ਜੀ, ਹਰਵਿੰਦਰ ਸਿੰਘ ਥਰੀਕੇ ਜੀ, ਅਸ਼ੋਕ ਭੰਡਾਰੀ ਜੀ, ਮੈਡਮ ਸੁਰਿੰਦਰ ਕੌਰ ਜੀ ਅਤੇ ਡਾ.ਸੁਰਿੰਦਰ ਕੁਮਾਰ ਜੀ ਦਾ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਸੋਨੀ ਰਾਣੀ ਜੀ ਦੀ ਕਿਤਾਬ ਅਤੇ ਪੀਂਘਾਂ ਸੋਚ ਦੀਆਂ ਨੋਟਬੁੱਕ 2024 ਦੇ ਕੇ ਸਨਮਾਨ ਕੀਤਾ ਗਿਆ। ਆਏ ਹੋਏ ਸਭ ਸਾਹਿਤਕਾਰਾਂ ਸੋਨੀ ਰਾਣੀ ਰਾਏਕੋਟ ਜੀ ਨੂੰ ਉੱਨਾਂ ਦੀ ਪਲੇਠੀ ਕਿਤਾਬ ਲਈ ਵਧਾਈ ਦਿੱਤੀ ਅਤੇ ਗੁਰਬਿੰਦਰ ਕੌਰ ਟਿੱਬਾ ਸਪੇਨ ਜੀ ਵੱਲੋਂ ਗਰੀਬ ਲੇਖਕਾਂ ਦੀ ਮਾਇਕ ਸਹਾਇਤਾ ਕਰਕੇ ਉਨ੍ਹਾਂ ਦੀ ਨਿਸ਼ੁਲਕ ਕਿਤਾਬ ਛਪਵਾ ਕੇ ਉੱਨਾਂ ਨੂੰ ਇੱਕ ਪਹਿਚਾਣ ਦੇਣ ਵਰਗੇ ਕੰਮ ਦੀ ਬਹੁਤ ਸ਼ਲਾਘਾ ਕੀਤੀ। ਆਏ ਸਾਰੇ ਮੈਂਬਰਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਇਸ ਸਮਾਰੋਹ ਵਿੱਚ ਤਰੁਣਮ ਦਾ ਰੰਗ ਬਣ ਦਿੱਤਾ। ਇਸ ਮੌਕੇ ਰਸ਼ਿਪੰਦਰ ਕੌਰ ਗਿੱਲ ਜੀ ਦੀ ਬੇਟੀ ਮਨਜਾਪ ਕੌਰ ਦਾ ਵੀ ਪਿਆਰ ਸਹਿਤ ਸਨਮਾਨ ਕੀਤਾ ਗਿਆ। ਸਾਹਿਤ ਦੇ ਖੇਤਰ ਵਿੱਚ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦਾ 2024 ਸਲਾਨਾ ਪੁਰਸਕਾਰ ਸਮਾਰੋਹ ਇੱਕ ਵਿਲੱਖਣ ਛਾਪ ਪਾ ਗਿਆ ਹੈ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਆਪਣੇ ਉਦੇਸ਼ ਪੰਥ, ਪੰਜਾਬ, ਪੰਜਾਬੀ ਬੋਲੀ, ਪੰਜਾਬਿਅਤ ਅਤੇ ਪੰਜਾਬੀ ਵਿਰਸੇ ਦੀ ਸੇਵਾ ਵਿੱਚ ਬਹੁਤ ਵੱਡੀ ਪੁਲਾਂਘ ਪੁੱਟਦਾ ਦਿੱਸ ਰਿਹਾ ਹੈ। ਇਸ ਸਮਾਰੋਹ ਤੋਂ ਬਾਦ ਬਹੁਤ ਸਾਰੇ ਲੇਖਕਾਂ ਨੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਨਾਲ ਜੁੜ ਕੇ ਅਗਲੇ ਕਾਰਜਾਂ ਵਿੱਚ ਆਪਣਾ ਸਹਿਯੋਗ ਦੇਣ ਦੀ ਇੱਛਾ ਵੀ ਜਤਾਈ ਹੈ। ਰਸ਼ਿਪੰਦਰ ਕੌਰ ਗਿੱਲ ਜੀ ਨੇ ਕਿਹਾ ਕਿ ਸਾਡਾ ਮੰਚ ਹਰ ਨਵੇਂ ਮੈਂਬਰ ਦਾ ਦਿਲੋਂ ਸਵਾਗਤ ਕਰੇਗਾ ਅਤੇ ਇੱਕ ਟੀਮ ਦੇ ਰੂਪ ਵਿੱਚ ਸਾਰੇ ਮੈਂਬਰਾਂ ਨੂੰ ਇੱਕ ਵਿਲੱਖਣ ਪਹਿਚਾਣ ਦੇਵੇਗਾ। ਰਸ਼ਿਪੰਦਰ ਕੌਰ ਗਿੱਲ ਜੀ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ 2025 ਸਲਾਨਾ ਪੁਰਸਕਾਰ ਸਮਾਰੋਹ ਵਿੱਚ ਉਹ ਇਸ ਸਾਲ ਨਾਲੋਂ ਜ਼ਿਆਦਾ ਮੈਂਬਰਾਂ ਨੂੰ ਉੱਨਾਂ ਵੱਲੋਂ ਕੀਤੇ ਮੰਚ ਦੇ ਲਈ ਕੀਤੇ ਕਾਰਜਾਂ ਲਈ ਸਨਮਾਨਿਤ ਕਰਨ।

# ਗਿੱਦੜਬਾਹਾ ਜਿਮਨੀ ਚੋਣ ਵਿੱਚੋਂ ਨਾ ਆਪ ਪਾਰਟੀ ਦੇ ਜੇਤੂ ਹਰਦੀਪ ਸਿੰਘ ਢਿੱਲੋਂ ਨੇ ਤਲਵੰਡੀ ਸਾਬੋ ਦੇ ਇਤਿਹਾਸਿਕ ਸਥਾਨਾਂ ਤੇ ਹੋਏ ਨਤਮਸਤਕ

**ਤਲਵੰਡੀ ਸਾਬੋ, 24 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਹਲਕਾ ਗਿੱਦੜਬਾਹਾ ਤੋਂ ਨਵੇਂ ਚੁਣੇ ਗਏ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਚੋਣ ਜਿੱਤਣ ਤੋਂ ਬਾਅਦ ਤਲਵੰਡੀ ਸਾਬੋ ਇਲਾਕੇ ਦੇ ਇਤਿਹਾਸਿਕ ਸਥਾਨਾਂ 'ਤੇ ਮੱਥਾ ਟੇਕਿਆ ਤੇ ਆਪਣੇ ਵਰਕਰਾਂ ਨਾਲ ਜਿੱਤ ਦੀ ਖੁਸ਼ੀ ਵਿੱਚ ਲੱਡੂ ਵੰਡੇ। ਇਸ ਉਪਰੰਤ ਉਨਾਂ ਮਹਿਲਾ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਮਰਤ ਕੌਰ ਦੇ ਗ੍ਰਹਿ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਬਹੁਤ ਅੱਛਾ ਲੱਗ ਰਿਹਾ ਹੈ, ਲੋਕਾਂ ਨੇ ਵੱਡਾ ਸਮਰਥਨ ਦਿੱਤਾ ਹੈ। ਉਹਨਾਂ ਕਿਹਾ ਕਿ ਇੰਝ ਲੱਗਦਾ ਹੈ ਕਿ ਇੱਕ ਅਜੀਬ ਜਿਹਾ ਰਿਸ਼ਤਾ ਹੈ ਗਿੱਦੜਬਾਹਾ ਦੇ ਲੋਕਾਂ ਨਾਲ ਕਿਉਂਕਿ ਇਹ ਮੇਰਾ ਆਪਣਾ ਹਲਕਾ ਤੇ ਮੈਂ ਹਮੇਸ਼ਾ ਇਹਨੂੰ ਇੱਕ ਪਰਿਵਾਰ ਦੀ ਤਰ੍ਹਾਂ ਸਮਝਿਆ ਤੇ ਮੇਰਾ ਪੂਰਨ ਸਾਥ ਦਿੱਤਾ। ਮਨਪ੍ਰੀਤ ਸਿੰਘ ਬਾਦਲ ਵੱਲੋਂ ਹਾਰਨ ਦੇ ਬਾਵਯੂਦ ਲੱਡੂ ਵੰਡ ਕੇ 2027 ਦੀਆਂ ਚੋਣਾਂ ਦਾ ਆਗਾਜ ਕਰਨ 'ਤੇ ਪੁੱਛੇ ਸਵਾਲ ਬਾਰੇ ਬਿਨਾ ਕਿਸੇ ਹੋਰ ਟਿੱਪਣੀ ਕਰਨ ਤੋਂ ਕਿਹਾ ਕਿ ਬਹੁਤ ਚੰਗੀ ਗੱਲ ਹੈ ਉਹ ਵੀ ਲੜ ਸਕਦੇ ਹਨ ਕਿਉਂਕਿ ਆਪਣਾ ਸੈਕੂਲਰ ਦੇਸ਼ ਹੈ, ਕੋਈ ਵੀ ਚੋਣ ਲੜ ਸਕਦਾ ਹੈ ਕਿਉਂਕਿ ਉਹਨਾਂ ਨੇ ਬੀਜੇਪੀ ਤੋਂ ਚੋਣ ਲੜਨੀ ਹੈ ਤੇ ਮੈਂ ਉਹਨਾਂ ਨੂੰ ਅਗੇਤੀ ਵਧਾਈ ਦੇ ਕੇ ਆਲ ਦਾ ਬੈਸਟ ਕਹਿੰਦਾ ਹਾਂ ਤੇ ਨਾਲ ਹੀ ਜਿਲਾ ਆਗੂ ਨਿਮਰਤ ਕੌਰ ਸਮੇਤ ਜਾਨੂੰਨੀ ਵਰਕਰਾਂ ਦੀ ਜਿੱਤ ਦਾ ਸਿਹਰਾ ਦਿੰਦਿਆਂ ਉਨ੍ਹਾਂ ਸਾਰੇ ਵਰਕਰਾਂ ਨਾਲ ਡਟ ਕੇ ਖੜਨ ਸਬੰਧੀ ਕਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਦੀਪ ਸਿੰਘ ਡਿਖ, ਗੁਰਦੀਪ ਸਿੰਘ ਤੂਰ ਅਤੇ ਆਪ ਵਰਕਰ ਮੌਜੂਦ ਸਨ।




‘ਗੁਰੂ ਮਾਨਿਓ ਗ੍ਰੰਥ’ ਦਾ

# ਪੋਸਟਰ ਰਿਲੀਜ਼ ਕੀਤਾ ਗਿਆ








**ਦੁਬਈ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਦੁਬਈ ਦੀ ਧਰਤੀ ਉੱਤੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ, ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਰਸ ਅਲ ਖੇਹਮਾ ਵਿਖੇ ਵਿਸ਼ੇਸ਼ ਤੌਰ ਤੇ ਕੀਰਤਨ ਦੀ ਹਾਜ਼ਰੀ ਭਰਨ ਆਏ ਹੋਏ ਹਨ ਇਸ ਮੌਕੇ ਉਹਨਾਂ ਨੇ ਆਪਣੇ ਸ਼ਬਦਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਆਪਣੇ ਬਚਨਾਂ ਰਾਹੀਂ ਪੰਜਾਬ ਵਿੱਚ ਜੋ ਹਾਲਾਤ ਚੱਲ ਰਹੇ ਹਨ ਉਹਨਾਂ ਬਾਰੇ ਵੀ ਚਾਨਣਾ ਪਾਇਆ , ਅਤੇ ਦੁਬਈ ਵਿੱਚ ਹੋਰ ਗੁਰੂ ਘਰਾਂ ਵਿੱਚ ਵੀ ਕੀਰਤਨ ਦੀ ਹਾਜ਼ਰੀ ਭਰੀ , ਅਤੇ ਵਿਸ਼ੇਸ਼ ਤੌਰ ਤੇ ਗੁਰੂ ਮਾਨਿਓ ਗ੍ਰੰਥ ਦਾ ਪੋਸਟਰ ਰਿਲੀਜ਼ ਕੀਤਾ ਗਿਆ ਜਿਸ ਵਿੱਚ ਹਰਭਜਨ ਮਾਨ, ਜਸਬੀਰ ਜੱਸੀ, ਕੁਲਵਿੰਦਰ ਬਿੱਲਾ, ਵੀਰ ਸਿੰਘ, ਸ਼ਿਵ ਜੋਤ, ਪੰਜਾਬ ਦੇ ਨਾ ਵਰ ਸਿੰਗਰਾਂ ਨੇ ਧਾਰਮਿਕ ਗੀਤ ਗਾਇਆ ਹੈ, ਪੋਸਟਰ ਰਿਲੀਜ਼ ਕਰਨ ਮੌਕੇ ਦੁਬਈ ਦੀਆਂ ਸਿੱਖ ਸੰਗਤਾਂ ਵੀ ਹਾਜ਼ਰ ਸਨ।

**-ਵਿਸ਼ੇਸ਼ ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

## ਪਿੰਡ ਬੁਰਜ ਕੁਲਾਰਾ ਵਿਖੇ ਸੰਤ ਦਰਬਾਰਾ ਸਿੰਘ ਜੀ ਲੋਪੋ ਵਾਲਿਆਂ ਦੇ ਸਲਾਨਾ ਬਰਸੀ ਸਮਾਗਮ ਕਰਵਾਏ


# ਗੁਰਦੁਆਰਾ ਤਪ ਅਸਥਾਨ ਬਾਬਾ ਸਾਂਈ ਲੋਕ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ











**ਜਗਰਾਉਂ, 24 ਨਵੰਬਰ (ਵਰਿਆਮ ਹਠੂਰ)**-ਦਰਬਾਰ ਸੰਪ੍ਰਦਾਇ ਲੋਪੋ ਦੇ ਮੁਖੀ ਰਹੇ ਸੁਆਮੀ ਸੰਤ ਦਰਬਾਰਾ ਸਿੰਘ ਜੀ ਲੋਪੋ ਵਾਲਿਆਂ ਦੀ ਸਲਾਨਾ ਬਰਸੀ ਜ਼ਿਲ੍ਹਾ ਲੁਧਿਆਨਾ ਦੇ ਆਖ਼ਰੀ ਪਿੰਡ ਬੁਰਜ ਕੁਲਾਰਾ ਵਿਖੇ ਸ਼ੁਸ਼ੋਭਿਤ ਗੁਰਦੁਆਰਾ ਤਪ ਅਸਥਾਨ ਬਾਬਾ ਸਾਂਈ ਲੋਕ ਵਿਖੇ ਸਮੂਹ ਨਗਰ ਦੀਆਂ ਗੁਰਸੰਗਤਾਂ ਦੇ ਸਹਿਯੋਗ ਸਦਕਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੜੀ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਈ, ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਪ੍ਰਕਾਸ਼ ਕੀਤੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਨਗਰ ਦੀਆਂ ਗੁਰਸੰਗਤਾਂ ਨੇ ਬਰਸੀ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਬਰਸੀ ਸਮਾਗਮ ਵਿੱਚ ਪੰਜਾਬ ਦੇ ਪ੍ਰਸਿੱਧ ਕਵੀਸ਼ਰ ਗਿਆਨੀ ਕਲਵੰਤ ਸਿੰਘ ਜੀ ਮਾਣੂੰਕੇ ਦੇ ਕਵੀਸ਼ਰੀ ਜੱਥੇ ਨੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਦਾ ਦਿਲ ਮੋਹ ਲਿਆ, ਸੇਵਾਦਾਰਾਂ ਨੇ ਤਨ ਮਨ ਧਨ ਨਾਲ ਸੇਵਾਵਾਂ ਕੀਤੀਆਂ, ਗੁਰਦੁਆਰਾ ਤਪ ਅਸਥਾਨ ਬਾਬਾ ਸਾਂਈ ਲੋਕ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ ਨੇ ਸਲਾਨਾ ਬਰਸੀ ਸਮਾਗਮ ਵਿੱਚ ਹਾਜ਼ਰੀਆਂ ਭਰਨ ਵਾਲੀਆਂ ਸਮੂਹ ਗੁਰਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ ਨੇ ਕਿਹਾ ਕਿ ਸੁਆਮੀ ਸੰਤ ਦਰਬਾਰਾ ਸਿੰਘ ਜੀ ਲੋਪੋ ਵਾਲੇ ਇੱਕ ਐਸੀ ਮਹਾਨ ਸ਼ਖ਼ਸੀਅਤ, ਉੱਘੇ ਸਮਾਜ ਸੇਵੀ, ਲੇਖਕ ਅਤੇ ਉੱਚ ਦਰਜੇ ਦੇ ਸੰਤ ਮਹਾਂਪੁਰਸ਼ ਸਨ। ਜਿੰਨ੍ਹਾਂ ਨੇ ਸਮਾਜ ਸੇਵਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਤੇ ਜਿੱਥੇ ਅਨੇਕਾਂ ਰਸਤੇ ਸੜਕਾਂ ਬਣਵਾਈਆਂ ਉੱਥੇ ਗਊਸ਼ਾਲਾ, ਕਾਲਜ, ਗੁਰੂ ਘਰ, ਬਣਵਾਉਣ ਦੇ ਨਾਲ ਨਾਲ ਅਨੇਕਾਂ ਸਮਾਜ ਸੇਵੀ ਕੰਮਾਂ ਵਿੱਚ ਆਪਣਾ ਅਹਿਮ ਰੋਲ ਅਦਾ ਕੀਤਾ, ਤੇ ਸੰਗਤਾਂ ਨੂੰ ਸਿੱਧੇ ਰਾਹ ਪਾਇਆ, ਅਜਿਹੇ ਸੰਤ ਮਹਾਂਪੁਰਸ਼ ਵਿਰਲੇ ਹੀ ਹੁੰਦੇ ਹਨ। ਜੋ ਸੰਗਤਾਂ ਲਈ ਚਾਨਣ ਮੁਨਾਰਾ ਬਣਦੇ ਹਨ। ਤੇ ਨਾਮ ਜਪਣ ਦੀ ਯੁਕਤੀ ਸਿਖਾਉਂਦੇ ਹਨ। ਨਗਰ ਦੇ ਸਰਪੰਚ ਚਮਕੌਰ ਸਿੰਘ ਕੈਨੇਡਾ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨੀ ਕਲਵੰਤ ਸਿੰਘ ਜੀ ਮਾਣੂੰਕੇ ਦੇ ਕਵੀਸ਼ਰੀ ਜੱਥੇ ਨੂੰ ਸਨਮਾਨਿਤ ਕੀਤਾ, ਕਵੀਸ਼ਰ ਗਿਆਨੀ ਕਲਵੰਤ ਸਿੰਘ ਜੀ ਮਾਣੂੰਕੇ ਅਤੇ ਕਵੀਸ਼ਰ ਸ਼ਾਮ ਦਾਸ ਭੱਟੀਵਾਲ ਨੇ ਕਿਹਾ ਕਿ ਪਿੰਡ ਬੁਰਜ ਕੁਲਾਰਾ ਦੀ ਸੰਗਤ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਕਵੀਸ਼ਰਾਂ ਵੱਲੋਂ ਕੀਤੀ ਗਈ ਪੇਸ਼ਕਾਰੀ ਅਤੇ ਇਤਿਹਾਸ ਨੂੰ ਸੁਣਦੀ ਹੈ। ਸਮੂਹ ਸੰਗਤਾਂ ਦਾ ਧੰਨਵਾਦ ਜਿੰਨ੍ਹਾਂ ਨੇ ਬੜਾ ਮਾਣ ਸਤਿਕਾਰ ਬਖਸ਼ਿਆ, ਨਗਰ ਦੀਆਂ ਅਨੇਕਾਂ ਸੰਗਤਾਂ ਵੱਲੋਂ ਕਵੀਸ਼ਰੀ ਜੱਥੇ ਦਾ ਮਾਣ ਸਤਿਕਾਰ ਕੀਤਾ ਗਿਆ, ਜ਼ਿਕਰਯੋਗ ਹੈ ਕਿ ਗੁਰੂ ਘਰ ਦੇ ਵਜੀਰ ਬਾਬਾ ਗੁਰਨਾਇਬ ਸਿੰਘ ਜੀ ਵੱਲੋਂ ਬੱਚਿਆਂ ਨੂੰ ਸਿੱਖੀ ਦਾ ਜਾਗ ਲਾਉਣ ਲਈ ਬੱਚਿਆਂ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਤਾਂ ਜੋ ਬੱਚਿਆਂ ਦਾ ਬਚਪਨ ਤੋਂ ਹੀ ਸਿੱਖੀ ਪ੍ਰਤੀ ਮੋਹ ਪੈਦਾ ਹੋਵੇ, ਇਸ ਮੌਕੇ ਪ੍ਰਧਾਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ, ਗਿਆਨੀ ਗੁਰਨਾਇਬ ਸਿੰਘ, ਚੰਦ ਸਿੰਘ, ਅਵਤਾਰ ਸਿੰਘ ਸਿੱਧੂ, ਮਹਿੰਦਰ ਸਿੰਘ, ਲਛਮਣ ਸਿੰਘ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਸਰਪੰਚ ਚਮਕੌਰ ਸਿੰਘ ਕੈਨੇਡਾ, ਜਗਤਾਰ ਸਿੰਘ ਕਾਲਾ, ਮਿਸ਼ਨਰੀ ਪਰਮਜੀਤ ਸਿੰਘ, ਤੇਜਾ ਸਿੰਘ, ਅਮਰਪਾਲ ਸਿੰਘ ਲੁਧਿਆਣਾ, ਧਨਵੰਤ ਸਿੰਘ, ਜਗਰਾਜ ਸਿੰਘ, ਪੂਰਨ ਸਿੰਘ, ਚਰਨ ਸਿੰਘ, ਤੇਜਿੰਦਰ ਸਿੰਘ, ਮਨਿੰਦਰਜੀਤ ਸਿੰਘ ਰਾਮਾ, ਵੈਦ ਵਰਿੰਦਰਜੀਤ ਸਿੰਘ ਰਾਮਾ, ਪਾਲੀ ਸੱਦੋਵਾਲ, ਉਜਾਗਰ ਸਿੰਘ ਅੱਚਰਵਾਲ, ਸਮੇਤ ਅਨੇਕਾਂ ਗੁਰਸੰਗਤਾਂ ਹਾਜ਼ਰ ਸਨ।

# ਦਮਦਮੀ ਟਕਸਲ ਦੇ ਭਾਈ ਗੁਰਨਾਮ ਸਿੰਘ ਬੰਡਾਲਾ ਜੋ ਕਿ ਲੰਮੇ ਸਮੇਂ ਤੋਂ ਬਿਮਾਰ ਸਨ ਅੱਜ ਹਸਤਾਲ ਤੋਂ ਛੁੱਟੀ ਮਿਲੀ



**ਫਿਰੋਜ਼ਪੁਰ, 24 ਨਵੰਬਰ (ਮਨੋਹਰ ਲਾਲ)**-ਦਮਦਮੀ ਟਕਸਾਲ ਦੇ ਭਾਹੀ ਗੁਰਨਾਮ ਸਿੰਘ ਬੰਡਾਲਾ ਜੋ ਕਿ ਕਾਫੀ ਸਮੇਂ ਤੋਂ ਗੁਰੂ ਰਾਮ ਦਾਸ ਹਸਪਤਾਲ ਫਿਰੋਜ਼ਪੁਰ ਅੰਮ੍ਰਿਤਸਰ ਦਾਖਲ ਸਨ, ਅੱਜ ਉਨ੍ਹਾਂ ਨੂੰ ਠੀਕ ਹੋਣ ਕਰਕੇ ਛੁੱਟੀ ਮਿਲ ਗਈ ਹੈ। ਉਨ੍ਹਾਂ ਦਾ ਪਤਾ ਲੈਣ ਲਈ ਭਾਰੀ ਗਿਣਤੀ ਵਿਚ ਪਤਾ ਲੈਣ ਗਏ। ਇਸ ਮੌਕੇ ਤੇ ਭਾਈ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਤਬੀਅਤ ਜ਼ਿਆਦਾ ਖਰਾਬ ਹੋਣ ਕਰਕੇ ਉਹ ਹਸਪਤਾਲ ਵਿਚ ਦਾਖਲ ਹੋਏ ਸੀ ਅਤੇ ਸੱਚੇ ਪਾਤਸ਼ਾਹ ਵਾਹਿਗੁਰੂ ਜੀ ਨੇ ਮੈਨੂੰ ਫਿਰ ਦੁਬਾਰਾ ਜਨਮ ਦਿੱਤਾ ਹੈ। ਮੈਂ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਦਾ ਹਾਂ, ਇਥੇ ਇਹ ਦੱਸਣਯੋਗ ਹੈ। ਭਾਈ ਗੁਰਨਾਮ ਸਿੰਘ ਬੰਡਾਲਾ ਜੋ ਕਿ ਸਿੱਖ ਸੰਘਰਸ਼ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ ਅਤੇ ਉਨ੍ਹਾਂ ਉਹ ਹਮੇਸ਼ਾ ਵਾਹਿਗੁਰੂ ਜੀ ਦਾ ਹੀ ਜਾਪ ਕਰਦੇ ਹਨ। ਭਾਈ ਬੰਡਾਲਾ ਨੇ ਕਿਹਾ ਕਿ ਮੈਨੂੰ ਵਾਹਿਗੁਰੂ ਸੱਚੇ ਪਾਤਸ਼ਾਹ ਤੇ ਪੂਰਨ ਭਰੋਸਾ ਹੈ। ਸਾਨੂੰ ਵੱਧ ਤੋਂ ਵੱਧ ਨਾਮ ਜਪਣਾ ਚਾਹੀਦਾ ਹੈ। ਨਾਮ ਜਪਣ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੁੰਦੇ ਹਨ ਪਰ ਭਰੋਸੇ ਦੀ ਜ਼ਰੂਰਤ ਹੈ, ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਅਮ੍ਰਿਤ ਛੱਕ ਕੇ ਗੁਰੂ ਵਾਲੇ ਬਣੋ ਤਾਂ ਹੀ ਸਾਡਾ ਜੀਵਨ ਸਫਲਾ ਹੋ ਸਕਦਾ ਹੈ।

# ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਨ ਕਮਿਸ਼ਨ ਵੱਲੋਂ ਬਾਟਾ ਕੰਪਨੀ ਨੂੰ 2000 ਦਾ ਹਰਜਾਨਾ



**ਫਿਰੋਜ਼ਪੁਰ, 24 ਨਵੰਬਰ (ਮਨੋਹਰ ਲਾਲ)**-ਸੇਵਾਵਾਂ ਵਿਚ ਕੁਤਾਹੀ ਵਰਤਣ ’ਤੇ ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਨ ਕਮਿਸ਼ਨ ਫਿਰੋਜ਼ਪੁਰ ਵੱਲੋਂ ਬੂਟ ਬਨਾਉਣ ਵਾਲੀ ਬਾਟਾ ਕੰਪਨੀ ਨੂੰ 2000 ਦਾ ਹਰਜਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਧੋਖਾਧੜੀ ਕਰਨ ਦੇ ਦੋਸ਼ਾਂ ਤਹਿਤ ਕਾਰਵਾਈ ਕਰਵਾਉਣ ਲਈ ਅਮਰੀਕ ਸਿੰਘ ਪੁੱਤਰ ਗੁਰਬਖਸੀਸ਼ ਸਿੰਘ ਵਾਸੀ ਮਕਾਨ ਨੰਬਰ 62 ਬਜ਼ਾਰ ਨੰਬਰ 7 ਫਿਰੋਜ਼ਪੁਰ ਛਾਉਣੀ ਨੇ ਬਾਟਾ ਕੰਪਨੀ ਤੋਂ ਇਕ ਜੁੱਤੇ ਦੀ ਜ਼ੋੜੀ ਕੀਮਤ 1599 ਰੁਪਏ ਵਿਚ ਖਰੀਦ ਕੀਤੀ ਸੀ, ਜਿਸ ਦੀ ਗਰੰਟੀ ਬਾਟਾ ਕੰਪਨੀ ਵੱਲੋਂ ਇਕ ਸਾਲ ਦੀ ਦਿੱਤੀ ਗਈ ਸੀ, ਪਰ ਬੂਟਾਂ ਵਿਚ ਬਨਾਵਟੀ ਨੁਕਸ ਹੋਣ ਕਰਕੇ ਸਿਕਾਇਤਕਰਤਾ ਅਮਰੀਕ ਸਿੰਘ ਨੇ ਬਾਟਾ ਕੰਪਨੀ ਕੋਲ ਪਹੁੰਚ ਕੀਤੀ, ਪਰ ਉਨ੍ਹਾਂ ਨੂੰ ਬੂਟ ਬਦਲਣ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਚੰਗਾ ਮਾੜਾ ਬੋਲਿਆ। ਗੱਲਬਾਤ ਕਰਦਿਆਂ ਅਮਰੀਕ ਸਿੰਘ ਨੇ ਕਿਹਾ ਕਿ ਉਕਤ ਦੁਕਾਨ ਸੰਚਾਲਕਾਂ ਨੇ ਕਿਹਾ ਕਿ ਮੈਂ ਬੂਟ ਨਹੀਂ ਬਦਲ ਕੇ ਦੇਣੇ ਤੇਰਾ ਜੋ ਜੀ ਕਰਦਾ ਹੈ ਕਰ ਲੈ, ਅਖੀਰ ਉਸ ਵੱਲੋਂ ਇਕ ਕੰਪਲੇਟ ਕਜਿਊਮਰ ਕੋਰਟ ਵਿਚ ਪਾਈ ਗਈ, ਜਿਥੇ ਮਾਣਯੋਗ ਅਦਾਲਤ ਨੇ ਸਾਰੇ ਕੇਸ ਦੀ ਘੋਖ ਕੀਤੀ ਅਤੇ ਉਨ੍ਹਾਂ ਬਾਟਾ ਕੰਪਨੀ ਨੂੰ 2 ਹਜ਼ਾਰ ਰੁਪਏ ਜੁਰਮਾਨੇ ਦੇ ਨਾਲ—ਨਾਲ ਬੂਟਾਂ ਦੀ ਕੀਮਤ 1599 ਰੁਪਏ ਸਣੇ ਵਿਆਜ 6 ਫੀਸਦੀ ਦੇਣ ਦਾ ਹੁਕਮ ਦਿੱਤਾ ਹੈ। ਇਥੇ ਇਹ ਦਸਣਯੋਗ ਹੈ ਕਿ ਅਮਰੀਕ ਸਿੰਘ ਜੋ ਕਿ ਇਕ ਸਮਾਜ ਸੇਵਕ ਹਨ ਅਤੇ ਲੋਕ ਭਲਾਈ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਸਹਿਯੋਗ ਦਿੰਦੇ ਹਨ।

# ਸ਼ਹੀਦੀ ਜੋੜ ਮੇਲ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਪਟਿਆਲਾ ਤੋਂ ਸਰਹਿੰਦ ਤੱਕ ਨਵੀਂ ਬਣਨ ਵਾਲੀ ਸੜਕ ਦਾ ਜਲਦੀ ਕੰਮ ਮੁਕੰਮਲ ਕੀਤਾ ਜਾਵੇ : ਪ੍ਰੋ. ਬਡੂੰਗਰ



**ਪਟਿਆਲਾ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਚੀਫ ਸੈਕਟਰੀ ਪੰਜਾਬ ਸਰਕਾਰ, ਆਮ ਆਦਮੀ ਪਾਰਟੀ ਦੇ ਨਵੇਂ ਬਣੇ ਪ੍ਰਧਾਨ ਅਮਨ ਅਰੋੜਾ, ਡਿਪਟੀ ਕਮਿਸ਼ਨਰ ਫਤਿਹਗੜ੍ਹ ਸਾਹਿਬ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਫਤਿਹਗੜ੍ਹ ਸਾਹਿਬ ਵਿਖੇ ਲੱਗਣ ਵਾਲੇ ਸਲਾਨਾ ਸ਼ਹੀਦੀ ਜੋੜ ਮੇਲ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਪਟਿਆਲਾ ਤੋਂ ਸਰਹਿੰਦ ਤੱਕ ਨਵੀਂ ਬਣਨ ਵਾਲੀ ਸੜਕ ਦਾ ਜਲਦੀ ਕੰਮ ਮੁਕੰਮਲ ਕੀਤਾ ਜਾਵੇ । ਉਨ੍ਹਾਂ ਕਿਹਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ (ਸਰਹਿੰਦ) ਦੀ ਧਰਤੀ ਉਤੇ ਦਸਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦੇ ‘ਬਾਬਾ ਜੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ’ ਨੇ ਸ਼ਹੀਦੀ ਦਿੱਤੀ ਅਤੇ ਵਿਸ਼ਵ ਦਾ ਸਭ ਤੋਂ ਵੱਡਾ ਖੂਨੀ ਸਾਕਾ ’ਸਾਕਾ ਸਰਹੰਦ ਮਿਤੀ 25, 26, 27 ਦਸੰਬਰ 1704 ਈ. ਨੂੰ ਵਾਪਰਿਆ ਸੀ। ਉਨ੍ਹਾਂ ਕਿਹਾ ਕਿ ਲਗਭਗ 320 ਸਾਲ ਬਾਅਦ ਵੀ ਖਾਲਸਾ ਪੰਥ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਹਰ ਸਾਲ ਵੱਡਾ ਸਾਕਾ ਕਰਨ ਵਾਲੀਆਂ ਉਹਨਾਂ ਮਹਾਨ ਨਿੱਕੀਆਂ ਜਿੰਦਾਂ ਨੂੰ ਪੂਰੀ ਸ਼ਰਧਾ, ਸਤਿਕਾਰ ਅਤੇ ਨਿਮਰਤਾ ਨਾਲ ਸਿਜਦਾ ਕਰਨ ਲਈ ਆਉਂਦੀਆਂ ਹਨ। ਇਸ ਸ਼ਹੀਦੀ ਯਾਤਰਾ ਵਿਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਦੀ ਭਾਰੀ ਗਿਣਤੀ ਵਿਚ ਅਵਾਜਾਈ ਹਰ ਸਾਲ 1 ਨਵੰਬਰ ਤੋਂ ਅਰੰਭ ਹੋ ਕੇ 15 ਜਨਵਰੀ ਤੀਕ ਨਿਰੰਤਰ ਜਾਰੀ ਰਹਿੰਦੀ ਹੈ ਅਤੇ ਮਿਤੀ 25, 26 ਅਤੇ 27 ਦਸੰਬਰ ਨੂੰ ਤਾਂ ਬਹੁਤ ਹੀ ਭਾਰੀ ਗਿਣਤੀ ਵਿਚ ਸੰਗਤਾਂ ਸਾਹਿਬਜਾਦਿਆਂ ਨੂੰ ਨਤਮਸਤਕ ਹੋਣ ਲਈ ਆਉਂਦੀਆਂ ਹਨ।

ਉਨ੍ਹਾਂ ਕਿਹਾ ਕਿ ਲਾਂਡਰਾਂ (ਜਿਲ੍ਹਾ ਮੋਹਾਲੀ), ਮੋਰਿੰਡਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ ਅਤੇ ਪਟਿਆਲਾ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਤੀਕ ਬਹੁਤ ਹੀ ਭਾਰੀ ਗਿਣਤੀ ਵਿਚ ਸੰਗਤਾਂ ਆਉਂਦੀਆਂ ਹਨ ਪਰੰਤੂ ਪਟਿਆਲਾ ਤੋਂ ਸਰਹੰਦ ਤੀਕ ਵੱਡੇ ਵੱਡੇ ਜਾਮ ਲਗਦੇ ਹਨ ਕਿਉਂਕਿ ਸੜਕ ਬਹੁਤ ਸੌੜੀ ਅਤੇ ਥੌੜੀ ਰਹਿ ਜਾਂਦੀ ਹੈ। ਸੜਕ ਦੇ ਦੋਹਾਂ ਪਾਸਿਆਂ ਉਤੇ ਸ਼ਰਧਾਲੂ ਸਿੱਖਾਂ ਵੱਲੋਂ ਗੁਰੂ ਕੇ ਲੰਗਰ ਵੀ ਸਜਾਏ ਜਾਂਦੇ ਹਨ। ਜਾਮ ਦੌਰਾਨ ਸੰਗਤਾਂ ਖਾਸ ਕਰਕੇ ਬੀਬੀਆਂ, ਬੱਚਿਆਂ ਅਤੇ ਬਜੁਰਗਾਂ ਨੂੰ ਭਾਰੀ ਦਿਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਹਨਾਂ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਤਿਗੁਰ ਸੱਚੇ ਪਾਤਸ਼ਾਹ ਨੇ ਆਪ ਜੀ ਨੂੰ ਪੰਜਾਬ ਦੀ ਸੇਵਾ ਕਰਨ ਦਾ ਸੁਭਾਗ ਬਖਸ਼ਿਆ ਹੈ, ਕਿਰਪਾ ਕਰਕੇ ਦੇਸ਼ਾਂ ਵਿਦੇਸ਼ਾਂ ਤੋਂ ਫਤਿਹਗੜ੍ਹ ਸਾਹਿਬ ਤੇ ਦੇਸ਼ ਤੇ ਪੰਜਾਬ ਦੇ ਕੋਨੇ ਕੋਨੇ ਤੋਂ ਸੰਗਤਾਂ ਆਪੋ ਆਪਣੇ ਵਾਹਨਾਂ ਰਾਹੀਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਵੰਬਰ ਮਹੀਨੇ ਤੋਂ ਹੀ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਟਰੈਫਿਕ ਸਮੱਸਿਆ ਨੂੰ ਮੁੱਖ ਰੱਖਦਿਆਂ ਹੋਇਆਂ ਜਲਦ ਤੋਂ ਜਲਦ ਪਟਿਆਲਾ ਤੋਂ ਸਰਹੰਦ ਤੱਕ ਬਣਨ ਜਾ ਰਹੀ ਸੜਕ ਦਾ ਕਾਰਜ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਣਾ ਚਾਹੀਦਾ ਹੈ । ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਹ ਪੰਜਾਬ ਦੇ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਉਨ੍ਹਾਂ ਤੋਂ ਬਾਅਦ ਬਣੇ ਮੁੱਖ ਮੰਤਰੀ ਭਗਵੰਤ ਮਾਨ, ਮੁੱਖ ਸਕੱਤਰ ਪੰਜਾਬ ਸਰਕਾਰ ਨੂੰ ਪੱਤਰ ਲਿਖੇ, ਜਿਸ ਦੀ ਬਦੌਲਤ ਇਸ ਸੜਕ ਦੇ ਨਿਰਮਾਣ ਦਾ ਕੰਮ ਸ਼ੁਰੂ ਹੋਇਆ ਸੀ ਤੇ ਹੁਣ ਵੀ ਸਰਕਾਰ ਨੂੰ ਚਾਹੀਦਾ ਹੈ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਪਟਿਆਲਾ ਤੋਂ ਸਰਹੰਦ ਤੱਕ ਚੌਹ ਮਾਰਗੀ ਬਣਨ ਵਾਲੀ ਸੜਕ ਦਾ ਕਾਰਜ ਤੇਜ ਕਰਕੇ ਜਲਦ ਤੋਂ ਜਲਦ ਮੁਕੰਮਲ ਕਰਵਾਇਆ ਜਾਵੇ।

### 1984 ਸਿੱਖ ਕਤਲੇਆਮ ਦੀ ਯਾਦ ਵਿੱਚ ਯੂਕੇ ਵਿਖ਼ੇ ਰੈੱਡਬ੍ਰਿਜ ਕੌਂਸਲ ਅਤੇ

# ਵਿਜ਼ਨ ਰੈੱਡਬ੍ਰਿਜ ਕਲਚਰ ਐਂਡ ਲੀਜ਼ਰ ਵਲੋਂ ਰੁੱਖ ਅਤੇ ਤਖ਼ਤੀ ਲਗਾਈ ਗਈ




ਨਵੀਂ ਦਿੱਲੀ 24 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):– ਯੂਕੇ ਪਾਰਲੀਮੈਂਟ ਮੈਂਬਰ ਸਰਦਾਰ ਜਸ ਅਠਵਾਲ, ਕੌਂਸਲ ਲੀਡਰ ਕਾਮ ਰਾਏ, ਸੀ.ਐਲ.ਆਰ. ਸੰਨੀ ਬਰਾੜ, ਸੀ.ਐਲ.ਆਰ. ਨਵ ਕੌਰ ਜੌਹਲ ਆਦਿ ਨੇ ਅੱਜ ਵੈਲੇਨਟਾਈਨ ਪਾਰਕ, ਇਲਫੋਰਡ ਵਿਖੇ ਉਦਘਾਟਨੀ ਸਮਾਰੋਹ ਦੌਰਾਨ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਮਾਰੇ ਗਏ ਪਰਿਵਾਰਾਂ ਪ੍ਰਤੀ ਹਮਦਰਦੀ ਜਤਾਉਂਦੇ ਹੋਏ ਉਨ੍ਹਾਂ ਦੀ ਯਾਦ ਵਿਚ ਯਾਦਗਾਰੀ ਤਖ਼ਤੀ ਲਗਾ ਕੇ ਆਪਣੀ ਸ਼ਰਧਾਂਜਲੀ ਭੇਟ ਕੀਤੀ ।ਇਕੱਠੇ ਹੋਏ ਲੋਕਾਂ ਵਲੋਂ ਜਾਂਚਕਰਤਾਵਾਂ, ਅਦਾਲਤਾਂ ਅਤੇ ਭਾਰਤ ਦੇ ਪ੍ਰਮੁੱਖ ਸਿਆਸਤਦਾਨਾਂ ਨੂੰ ਦੱਸਿਆ ਗਿਆ ਕਿ ਨਵੰਬਰ 1984 ਨੂੰ ਨਸਲਕੁਸ਼ੀ ਵਜੋਂ ਅਸੀ ਮਾਨਤਾ ਦਿੰਦੇ ਹਾਂ ਕਿਉਕਿ ਦਿੱਲੀ ਹਾਈ ਕੋਰਟ ਦੇ ਫੈਸਲੇ ਨੇ ਸਿੱਖਾਂ ਦਾ ਕਤਲੇਆਮ 'ਮਨੁੱਖਤਾ ਵਿਰੁੱਧ ਅਪਰਾਧ' ਦੱਸਿਆ।ਭਾਰਤ ਦੀ ਸੁਪਰੀਮ ਕੋਰਟ ਨੇ ਆਪਣੇ ਸਬੂਤਾਂ ਵਿੱਚ ਨਾਜ਼ੀਆਂ ਦੁਆਰਾ ਯਹੂਦੀਆਂ ਦੀ ਨਸਲਕੁਸ਼ੀ ਦੀ ਗੱਲ ਕਰਦਿਆਂ ਉਸਨੂੰ ਨਸਲਕੁਸ਼ੀ ਕਰਾਰ ਦਿੱਤਾ ਅਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ 1984 ਦੇ ਸਿੱਖ ਕਤਲੇਆਮ ਦੀ ਬਰਾਬਰੀ ਕੀਤੀ। ਭਾਰਤ ਦੇ ਪੀ ਐਮ ਨਰਿੰਦਰ ਮੋਦੀ ਨੇ ਕਿਹਾ ਕਿ 1984 ਵਿੱਚ ਸਿੱਖਾਂ ਦਾ ਕਤਲੇਆਮ ਇੱਕ 'ਵੱਡੀ, ਭਿਆਨਕ ਨਸਲਕੁਸ਼ੀ' ਸੀ ਅਤੇ 1984 ਦਾ ਕਤਲੇਆਮ ਇੱਕ 'ਦਾਗ' ਹੈ, ਜੋ ਕਿ 50 ਪੀੜ੍ਹੀਆਂ ਨਿਕਲਣ ਦੇ ਬਾਅਦ ਵੀ ਨਹੀਂ ਭੁਲਾਇਆ ਜਾ ਸਕੇਗਾ। ਸਿੱਖ ਫੈਡਰੇਸ਼ਨ ਯੂਕੇ ਵਲੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਫੈਡਰੇਸ਼ਨ ਦੇ ਪ੍ਰਮੁੱਖ ਸਲਾਹਕਾਰ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਲੇਬਰ ਸਰਕਾਰ ਨੇ ਸਿੱਖਾਂ ਨਾਲ ਵਾਅਦਾ ਕੀਤਾ ਸੀ ਜਦੋ ਅਸੀ ਸਰਕਾਰ ਬਣਾਵਾਂਗੇ ਤਦ ਅਸੀ ਪਹਿਲ ਦੇ ਤੌਰ ਤੇ ਭਾਰਤ ਅੰਦਰ ਹੋਏ ਸਿੱਖ ਕਤਲੇਆਮ ਦੀ ਜਾਂਚ ਕਰਵਾਣ ਤੋਂ ਪਿੱਛੇ ਨਹੀਂ ਹਟਾਂਗੇ । ਹੁਣ ਯੂਕੇ ਅੰਦਰ ਉਨ੍ਹਾਂ ਦੀ ਸਰਕਾਰ ਬਣ ਚੁਕੀ ਹੈ ਤੇ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਓਹ ਇਸ ਕੰਮ ਨੂੰ ਪਹਿਲ ਦੇ ਆਧਾਰ ਤੇ ਕਰਕੇ ਸਿੱਖਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਕਰਣ।

### ਯੂਕੇ ਦੀ ਲੇਬਰ ਸਰਕਾਰ ਭਾਰਤ ਅੰਦਰ ਹੋਏ ਸਿੱਖ ਕਤਲੇਆਮ ਦੀ ਜਾਂਚ ਕਰਵਾਣ ਦਾ ਕੀਤਾ ਵਾਅਦਾ ਪੂਰਾ ਕਰੇ: ਦਬਿੰਦਰਜੀਤ ਸਿੰਘ

### ਮੌਜੂਦਾ ਸਰਪੰਚ ਬੀਬੀ ਜਤਿੰਦਰ ਕੌਰ ਦੇ ਗ੍ਰਹਿ ਵਿਖੇ ਸ਼ੁਕਰਾਨਾ ਸਮਾਗਮ 'ਚ ਪਹੁੰਚੇ ਕੈਬਨਿਟ ਮੰਤਰੀ ਸ੍ਰ ਈ ਟੀ ਓ

# ਪਾਰਟੀ ਬਾਜੀ ਤੋਂ ਉਪਰ ਉੱਠ ਕੇ ਕੀਤੇ ਜਾਣ ਪਿੰਡ ਦੇ ਵਿਕਾਸ ਕਾਰਜ ਕੈਬਨਿਟ ਮੰਤਰੀ



**ਜੰਡਿਆਲਾ ਗੁਰੂ, 24 ਨਵੰਬਰ ( ਕੁਲਵੰਤ ਸਿੰਘ ਵਿਰਦੀ)**-ਬੀਤੇ ਦਿਨ ਹਲਕਾ ਜੰਡਿਆਲਾ ਦੇ ਅਧੀਨ ਆਉਂਦੇ ਪਿੰਡ ਤਾਰਾਗੜ੍ਹ ਵਿਖੇ ਮੌਜੂਦਾ ਸਰਪੰਚ ਬੀਬੀ ਜਤਿੰਦਰ ਕੌਰ ਪਤਨੀ ਸ੍ਰ ਜਗਮੋਹਨ ਸਿੰਘ ਆਮ ਆਦਮੀ ਪਾਰਟੀ ਸੀਨੀਅਰ ਆਗੂ ਅਤੇ ਸਮੂਹ ਪ੍ਰੀਵਾਰ ਵੱਲੋਂ ਸਰਪੰਚੀ ਇਲੈਕਸ਼ਨ ਵਿੱਚ ਮਿਲੀ ਜਿੱਤ ਦੀ ਖੁਸ਼ੀ ਵਿੱਚ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਬੀਤੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਆਪਣੇ ਗ੍ਰਹਿ ਵਿਖੇ ਪਵਾਏ ਅਤੇ ਸ਼ੁਕਰਾਨਾ ਸਮਾਗਮ ਚ ਗੁਰੂ ਘਰ ਦੇ ਗ੍ਰੰਥੀ ਸਿੰਘ ਭਾਈ ਸਵਿੰਦਰ ਸਿੰਘ ਜੀ ਵੱਲੋਂ ਸੁੱਖਾਂ ਦੀ ਮਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਤੋਂ ਉਪਰੰਤ ਗੁਰੂ ਘਰ ਦੇ ਕੀਰਤਨੀ ਜਥੇ ਵੱਲੋ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦਿਆਂ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕੀਤੀ ਗਈ ਅਰਦਾਸ ਬਾਰੇ ਵੀਚਾਰ ਸਾਂਝੇ ਕਰਦਿਆਂ ਹੋਇਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੋ ਮਾਂਗਹਿ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ ਨਾਨਕੁ ਦਾਸੁ ਮੁਖ ਤੇ ਬੋਲੇ ਈਹਾਂ ਊਹਾਂ ਸਚਿ ਹੋਵੈ ਪ੍ਰਕਾਸ਼ ਮਾਣ ਸ਼ਬਦ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ ਅਤੇ ਭੋਗ ਤੋਂ ਉਪਰੰਤ ਗੁਰੂ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਅਤੇ ਹੁਕਮਨਾਮੇ ਤੋਂ ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ ਅਤੇ ਇਸ ਮੌਕੇ ਸਰਪੰਚ ਬੀਬੀ ਜਤਿੰਦਰ ਕੌਰ ਅਤੇ ਸ੍ਰ ਜਗਮੋਹਨ ਸਿੰਘ ਵੱਲੋਂ ਸਮੂਹ ਨਗਰ ਨਿਵਾਸੀ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਜੋ ਸੇਵਾ ਦਾ ਮੌਕਾ ਪਿੰਡ ਤਾਰਾਗੜ੍ਹ ਵਾਸੀਆਂ ਨੇ ਉਨ੍ਹਾਂ ਨੂੰ ਬਖਸ਼ਿਆ ਹੈ ਉਸ ਤੇ ਚੱਲਣ ਦਾ ਯਤਨ ਕਰਨਗੇ ਇਸ ਮੌਕੇ ਵਿਸ਼ੇਸ਼ ਤੌਰ ਤੇ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ ਟੀ ਓ, ਸਰਬਜੀਤ ਸਿੰਘ ਡਿੰਪੀ, ਨਰੇਸ਼ ਪਾਠਕ, ਮਨਿੰਦਰ ਸਿੰਘ ਮਣੀ,ਈ ਟੀ ਓ ਦੇ ਭਰਾ ਸਤਿੰਦਰ ਸਿੰਘ ਨੇ ਹਾਜ਼ਰੀਆਂ ਭਰੀਆਂ ਅਤੇ ਪਿੰਡ ਤਾਰਾਗੜ੍ਹ ਦੀ ਪੰਚਾਇਤ ਨੂੰ ਪਾਰਟੀ ਬਾਜੀ ਤੋਂ ਉਪਰ ਉੱਠ ਕੇ ਅਤੇ ਪੂਰੀ ਇਮਾਨਦਾਰੀ ਨਾਲ ਵਿਕਾਸ ਕਾਰਜ ਕਰਨ ਲਈ ਅਪੀਲ ਕੀਤੀ 9 ਇਸ ਮੌਕੇ ਪੰਚ ਦਲਜੀਤ ਕੌਰ ਪਤਨੀ ਦਵਿੰਦਰ ਸਿੰਘ ਗਿੱਲ, ਪੰਚ ਜਸਵਿੰਦਰ ਕੌਰ ਪਤਨੀ ਦਿਲਬਾਗ ਸਿੰਘ ਮੋਨੂੰ , ਪੰਚ ਹਰਪਾਲ ਸਿੰਘ ਬਿਟੂ ਥਿੰਦ ,ਪੰਚ ਹਰਪ੍ਰੀਤ ਕੌਰ ਪਤਨੀ ਤੇਜਿੰਦਰ ਸਿੰਘ ,ਪੰਚ ਗੁਲਜ਼ਾਰ ਸਿੰਘ,ਪੰਚ ਰਮਨਦੀਪ ਕੌਲ ਪਤਨੀ ਗੁਰਬੀਰ ਸਿੰਘ ਹਾਂਡਾ,ਪੰਚ ਜਗਦੀਪ ਸਿੰਘ ਹੈਪੀ, ਪੰਚ ਰੁਪਿੰਦਰ ਸਿੰਘ ਆਦਿ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਆਪਣੀ ਜ਼ਮੀਨਾਂ ਦੀ ਰਾਖੀ ਕਰਦੇ ਬਠਿੰਡਾ ਜ਼ਿਲ੍ਹੇ ਦੇ ਕਿਸਾਨਾਂ ਤੇ ਅੰਨ੍ਹਾ ਤਸ਼ੱਦਦ ਜਲ੍ਹਿਆਂ ਵਾਲੇ ਬਾਗ ਦੀ ਯਾਦ ਤਾਜ਼ਾ ਕਰਵਾ ਗਿਆ : ਬੀਕੇਯੂ ਪੁਆਧ



**ਬਠਿੰਡਾ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਕਿਸਾਨ ਯੂਨੀਅਨ ਪੁਆਧ ਦੇ ਸੂਬਾ ਪ੍ਰਧਾਨ ਤਰਲੋਚਨ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਰੁਸਤਮ ਮੋਰਿੰਡਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਇਸ਼ਾਰਿਆਂ ਤੇ ਮਿਤੀ 22 ਸਤੰਬਰ 2024 ਨੂੰ ਬਠਿੰਡਾ ਜ਼ਿਲ੍ਹੇ ਦੇ ਤਿੰਨ ਪਿੰਡਾਂ ਭਗਵਾਨਪੁਰਾ ਸ਼ੇਰਗੜ੍ਹ ਅਤੇ ਕੋਟਦੁਨਾਂ ਦੇ ਕਿਸਾਨਾਂ ਦੀਆਂ ਜਮੀਨਾਂ ਤੇ ਧੱਕੇ ਨਾਲ ਕੀਤੇ ਜਾ ਰਹੇ ਸਰਕਾਰੀ ਕਬਜ਼ੇ ਵਿਰੁੱਧ ਆਪਣੀਆਂ ਜਮੀਨਾਂ ਦੀ ਰਾਖੀ ਲਈ ਸੰਘਰਸ਼ ਦੇ ਰਾਹ ਤੁਰੇ ਕਿਸਾਨਾਂ ਉੱਪਰ ਕੀਤੇ ਅੰਨੇ ਪੁਲਿਸ ਜਬਰ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਦੀ ਕਰਦਿਆਂ ਸਰਕਾਰ ਨੂੰ ਸੁਣਾਉਣੀ ਕੀਤੀ ਕਿ ਉਹ ਜ਼ਬਰ ਦਾ ਰਾਹ ਬੰਦ ਕਰਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕਰੇ । ਪੰਜਾਬ ਦਾ ਕਿਸਾਨ ਜ਼ਮੀਨ ਦਾ ਮਾਲਕ ਹੈ ਇਸ ਉੱਪਰ ਧੱਕੇ ਨਾਲ ਕਬਜ਼ਾ ਦਾ ਕਿਸੇ ਨੂੰ ਅਧਿਕਾਰ ਨਹੀਂ ਹੈ ।ਇਸ ਲਈ ਕਿਸਾਨ ਆਪਣੀਆਂ ਜਮੀਨਾਂ ਦੀ ਹਰ ਕੀਮਤ ਤੇ ਰਾਖੀ ਕਰਨਗੇ। ਜੇਕਰ ਸਰਕਾਰ ਨੇ ਜ਼ਬਰ ਦਾ ਰਾਹ ਅਪਣਾਉਣਾ ਬੰਦ ਨਾ ਕੀਤਾ ਤਾਂ ਭਾਰਤੀ ਕਿਸਾਨ ਯੂਨੀਅਨ ਪੁਆਧ ਕਿਸਾਨਾ ਦੇ ਇਸ ਹੱਕੀ ਸੰਘਰਸ਼ ਵਿੱਚ ਉਹਨਾਂ ਦੇ ਨਾਲ ਮੋਢਾ ਨਾਲ ਮੋਢਾ ਜੋੜ ਕੇ ਖੜਨ ਦੀ ਮਜਬੂਰ ਹੋਵੇਗੀ। ਜਿਸ ਲਈ ਪੰਜਾਬ ਸਰਕਾਰ ਖੁਦ ਜਿੰਮੇਵਾਰ ਹੋਵੇਗੀ । ਆਗੂਆਂ ਵੱਲੋਂ ਇਸ ਪ੍ਰੈਸ ਬਿਆਨ ਵਿੱਚ ਹੋਰ ਅੱਗੇ ਕਿਹਾ ਗਿਆ ਹੈ ਕਿ ਜਿਸ ਭਾਰਤ ਮਾਲਾ ਪ੍ਰੋਜੈਕਟ ਦੀ ਉਸਾਰੀ ਲਈ ਇਸ ਜ਼ਮੀਨ ਤੇ ਸਰਕਾਰ ਧੱਕੇ ਨਾਲ ਕਬਜ਼ਾ ਕਰਨ ਜਾ ਰਹੀ ਹੈ ਇਹ ਭਾਰਤ ਮਾਲਾ ਪ੍ਰੋਜੈਕਟ ਭਾਰਤ ਦੇ ਮਿਹਨਤਕਸ਼ ਲੋਕਾਂ ਦੀ ਗੁਰਬਤ ਭਰੀ ਜ਼ਿੰਦਗੀ ਵਿੱਚ ਸੁਧਾਰ ਦੀ ਲੋੜ ਚੋਂ ਨਹੀਂ ਉਸਾਰਿਆ ਜਾ ਰਿਹਾ ਸਗੋਂ ਇਹ ਬਰਤਾਨਵੀ ਈਸਟ ਇੰਡੀਆ ਕੰਪਨੀ ਵਰਗੀਆਂ ਅਨੇਕਾਂ ਦੇਸੀ ਵਿਦੇਸ਼ੀ ਕੰਪਨੀਆਂ ਦੀ ਲੁੱਟ ਅਤੇ ਮੁਨਾਫੇ ਦੀ ਲੋੜ ਚੋਂ ਤੈਅ ਕੀਤੀ ਲੋੜ ਅਨੁਸਾਰ ਭਾਰਤ ਦੇ ਕੱਚੇ ਮਾਲ ਦੀ ਕੌਡੀਆਂ ਦੇ ਭਾਅ ਖਰੀਦ ਕਰਕੇ, ਉਸ ਨਾਲ ਤਿਆਰ ਕੀਤੇ ਮਾਲ ਨੂੰ ਮੁੜ ਭਾਰਤੀ ਮੰਡੀ ਵਿੱਚ ਮਹਿੰਗੇ ਭਾਹ ਵੇਚ ਕੇ ਅੰਨੇ ਮੁਨਾਫੇ ਕਮਾਉਣ ਦੀ ਲੋੜ ਚੋਂ ਤੈ ਨੀਤੀ ਦਾ ਵਿਰਾਟ ਅਤੇ ਖੂੰਖਾਰ ਰੂਪ ਹੈ । ਕਿਉਂਕਿ ਮਾਲ ਦੀ ਢੋਆ ਢੋਆਈ ਦੀ ਲੋੜ ਚੋਂ ਹੁਣ ਇਹ ਪ੍ਰੋਜੈਕਟ ਸਾਰੇ ਸਾਮਰਾਜੀ ਮੁਲਕਾਂ ਦੀਆਂ ਲੁੱਟ ਅਤੇ ਮੁਨਾਫੇ ਕਮਾਉਣ ਦੀਆਂ ਲੋੜਾਂ ਵਿੱਚੋਂ ਤੈਅ ਕੀਤਾ ਗਿਆ ਹੈ । ਜਿਸ ਦੇ ਮੁਕੰਮਲ ਹੋਣ ਨਾਲ ਪਹਿਲਾਂ ਤੋਂ ਜਾਰੀ ਸਾਮਰਾਜੀ ਲੁੱਟ ਵਿੱਚ ਬੇਥਾਹ ਵਾਧਾ ਹੋਵੇਗਾ । ਜਿਸ ਨਾਲ ਭਾਰਤ ਦੀ ਖੇਤੀ ਦੇਸੀ ਸਨੀਅਤ ਅਤੇ ਕੱਚੇ ਮਾਲ ਦੇ ਸੋਮਿਆਂ ਦੀ ਬਰਬਾਦੀ ਨਿਸ਼ਿਚਤ ਹੈ । ਇਸ ਲਈ ਇਹ ਸੰਘਰਸ਼ ਸਿਰਫ ਕਿਸਾਨਾਂ ਦੀਆਂ ਜਮੀਨਾਂ ਦੀ ਕੀਮਤਾਂ ਤੱਕ ਸੀਮਤ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਦੀ ਅੰਨੀ ਲੁੱਟ ਵਿਰੁੱਧ ਸਾਰੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਕਿਤੇ ਵਡੇਰਾ ਹੈ । ਇਸ ਲਈ ਪੰਜਾਬ ਦੇ ਮੁਲਾਜ਼ਮ ਇਸ ਸੰਘਰਸ਼ ਵਿੱਚ ਕਿਸਾਨਾ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਲਈ ਤਿਆਰ ਬਰ ਤਿਆਰ ਹਨ । ਆਗੂਆਂ ਵੱਲੋਂ ਇਸ ਪ੍ਰੈਸ ਬਿਆਨ ਰਾਹੀਂ ਸਰਕਾਰ ਨੂੰ ਸਵਾਲ ਕੀਤਾ ਗਿਆ ਹੈ ਕਿ ਕਿਸਾਨਾਂ ਉੱਪਰ ਕੀਤੇ ਪੁਲਿਸ ਜਬਰ ਅਤੇ ਸਾਲ 1917 ਦੇ ਜਲਿਆਂ ਵਾਲੇ ਬਾਗ ਦੇ ਸਾਕੇ ਵਿੱਚ ਫਰਕ ਦੱਸਿਆ ਜਾਵੇ । ਉਸ ਸਮੇਂ ਵੀ ਭਾਰਤੀ ਲੋਕ ਅੰਗਰੇਜ਼ ਹਕੂਮਤ ਨੂੰ ਭਾਰਤ ਵਿੱਚੋਂ ਬਾਹਰ ਕੱਢਣ ਦੀ ਮੰਗ ਕਰ ਰਹੇ ਸਨ ਤੇ ਕੱਲ ਬਠਿੰਡਾ ਜ਼ਿਲ੍ਹੇ ਵਿੱਚ ਸਾਮਰਾਜੀ ਲੁਟੇਰਿਆਂ ਦੀ ਲੁੱਟ ਅਤੇ ਮੁਨਾਫੇ ਦੀ ਲੋੜ ਲਈ ਉਸਾਰੇ ਜਾ ਰਹੇ ਭਾਰਤ ਮਾਲਾ ਪ੍ਰੋਜੈਕਟ ਦਾ ਵਿਰੋਧ ਕਿਸਾਨ ਕਰ ਰਹੇ ਸਨ । ਇਸ ਵਿੱਚ ਫਰਕ ਕੀ ਹੈ ਕਿ ਜਿਹੜੀ ਕਤਲੋਗਾਰਤ ਉਸ ਸਮੇਂ ਜਨਰਲ ਡਾਇਰ ਦੇ ਹੁਕਮਾਂ ਤੇ ਹੋਈ ਸੀ ਅੱਜ ਉਹੀ ਅੱਥਰੂ ਗੈਸ ਦੇ ਗੋਲੇ ਅਤੇ ਡਾਂਗਾਂ ਭਗਵੰਤ ਮਾਨ ਸਰਕਾਰ ਦੇ ਇਸ਼ਾਰਿਆਂ ਤੇ ਕਿਸਾਨਾਂ ਤੇ ਚਲਾਈਆਂ ਗਈਆਂ ਹਨ। ਇਹ ਪੰਜਾਬ ਦੇ ਮਿਹਨਤਕਸ਼ ਲੋਕਾਂ ਲਈ ਇੱਕ ਪਰਖ ਕਸਵੱਟੀ ਹੈ ਤੇ ਭਗਤ ਸਿੰਘ ਦੀ ਪੱਗ ਬਣ ਕੇ ਜਨਰਲ ਡਾਇਰ ਦੇ ਕਾਰਨਾਮੇ ਕਰਦੀ ਪੰਜਾਬ ਸਰਕਾਰ ਦੀ ਅਸਲੀਅਤ ਨੂੰ ਪਛਾਣਣ ਦੀ ਲੋੜ ਹੈ । ਇਸ ਲਈ ਮਿਹਨਤਕਸ਼ ਲੋਕਾਂ ਦੇ ਹਰ ਵਰਗ ਨੂੰ ਕਿਸਾਨਾਂ ਦੇ ਸੰਘਰਸ਼ ਲਈ ਹਿਮਾਇਤ ਜਟਾਉਣ ਦੀ ਲੋੜ ਹੈ । **-ਪਰਗਟ ਸਿੰਘ ਬਲਬੇੜਾ, 9022000070**

# ਢੀਂਗਰਾ ਕਲੋਨੀ ਦੇ ਵਿਕਾਸ ਕਾਰਜ ਵਿਧਾਇਕ ਰਮਦਾਸ ਦੀ ਅਗਵਾਈ ਹੇਠ ਜਲਦ ਸ਼ੁਰੂ ਹੋਣਗੇ



**ਚੌਕ ਮਹਿਤਾ 24 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਵਿਧਾਇਕ ਅਟਾਰੀ ਜਸਵਿੰਦਰ ਸਿੰਘ ਰਮਦਾਸ ਦੀ ਅਗਵਾਈ ਹੇਠ ਢੀਂਗਰਾ ਕਲੋਨੀ ਦੇ ਪਛੜੇ ਵਿਕਾਸ ਕਾਰਜ ਜੰਗੀ ਪੱਧਰ ਤੇ ਕਰਵਾਏ ਜਾਣਗੇ ਇਹ ਵਿਚਾਰ ਸਰਪੰਚ ਸਰਬਜੀਤ ਕੌਰ ਪਤਨੀ ਜਗ ਜੀਵਨ ਸਿੰਘ ਵੱਲੋਂ ਮੀਟਿੰਗ ਦੌਰਾਨ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਹਨਾਂ ਕਿਹਾ ਕਿ ਜਿੱਥੇ ਪਿਛਲੇ ਕਈ ਸਾਲਾਂ ਤੋਂ ਵਾਰਡਾਂ ਦੇ ਵਿਕਾਸ ਕਾਰਜ ਪਛੜੇ ਚੱਲ ਰਹੇ ਹਨ ਉੱਥੇ ਜਲਦ ਵਿਕਾਸ ਕਾਰਜ ਕਰਵਾਏ ਜਾਣਗੇ ਪੰਚਾਇਤ ਵੱਲੋਂ ਵੱਖ-ਵੱਖ ਗਲੀਆਂ ਵਿੱਚ ਸਟਰੀਟ ਲਾਈਟਾਂ ਲਗਾ ਕੇ ਸ਼ੁਰੂਆਤ ਕੀਤੀ ਗਈ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੌਰਾਨ ਜਿਮਨੀ ਚੋਣਾਂ ਦੀ ਹੋਈ ਜਿੱਤ ਵਿੱਚ ਖੁਸ਼ੀ ਵਿੱਚ ਲੱਡੂ ਵੰਡੇ ਗਏ ਇਸ ਮੌਕੇ ਸਮਾਜ ਸੇਵਕ ਹਰਮਨ ਪ੍ਰੀਤ ਸਿੰਘ ਸਿੱਧੂ ਪੰਚ ਅਮਰੀਕ ਸਿੰਘ ਪੰਚ ਹਰਜੀਤ ਕੌਰ ਪੰਚ ਪ੍ਰਤਾਪ ਸਿੰਘ ਪੰਚ ਪਲਵਿੰਦਰ ਸਿੰਘ ਗੁਰਮੀਤ ਸਿੰਘ ਹੀਰਾ ਸਿੰਘ ਰਾਜਾ ਸਿੰਘ ਜੀਵਨ ਗੁਪਤਾ ਸੋਨੂ ਸ਼ੁਕਲਾ ਬਿਕਰਮਜੀਤ ਸਿੰਘ ਢਿੱਲੋ ਲਾਲ ਸਿੰਘ ਪੱਲੇਦਾਰ ਸਰਵਣ ਸਿੰਘ ਫੌਜੀ ਬਲਦੇਵ ਸਿੰਘ ਬਾਬਾ ਬਲਵੀਰ ਸਿੰਘ ਮਨੀ ਸਿੰਘ ਚਰਨਜੀਤ ਕੌਰ ਹਰਪਾਲ ਸਿੰਘ ਲਖਵਿੰਦਰ ਕੌਰ ਗੁਰਮੀਤ ਕੌਰ ਹਰਜਿੰਦਰ ਕੌਰ ਸੁਖਵਿੰਦਰ ਸਿੰਘ ਥਾਣੇਦਾਰ ਸ਼ਰਨਜੀਤ ਕੌਰ ਜੋਗਿੰਦਰ ਸਿੰਘ ਮੁਖਤਾਰ ਸਿੰਘ ਕੁਲਵੰਤ ਸਿੰਘ ਬਲਕਾਰ ਸਿੰਘ ਮੇਜਰ ਸਿੰਘ ਢਿੱਲੋ ਇੰਦਰ ਡੇਰੀਵਾਲਾ ਆਦ ਹਾਜ਼ਰ ਸਨ।

### ਗੁਰਦੁਆਰਾ ਥੜਾ ਸਾਹਿਬ ਪਾਤਸ਼ਾਹੀ 9ਵੀਂ ਝੀਵਰਹੇੜੀ ਯਮੁਨਾਨਗਰ ਵਿਖੇ

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਲਾਨਾ ਗੁਰਮਤਿ ਸਮਾਗਮ ਸਮੇਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ


















**ਯਮੁਨਾਨਗਰ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਥੜਾ ਸਾਹਿਬ ਪਾਤਸ਼ਾਹੀ 9ਵੀਂ ਝੀਵਰਹੇੜੀ ਯਮੁਨਾਨਗਰ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਲਾਨਾ ਗੁਰਮਤਿ ਸਮਾਗਮ ਸਮੇਂ ਅੱਜ ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ,ਰਸਭਿੰਨਾ ਕੀਰਤਨ ਕਰਦੇ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ,ਹਰਿਆਣਾ ਕਮੇਟੀ ਧਰਮ ਪ੍ਰਚਾਰ ਦਾ ਕਵੀਸ਼ਰੀ ਜੱਥਾ ਭਾਈ ਸੁਖਵਿੰਦਰ ਸਿੰਘ ਸ਼ੌਂਕੀ ਭੰਬੂਰ,ਢਾਡੀ ਜੱਥਾ ਭਾਈ ਸਤਨਾਮ ਸਿੰਘ ਬੱਲ,ਸਮਾਪਤੀ ਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ,ਬਾਬਾ ਦਿਲਬਾਗ ਸਿੰਘ ਕਾਰ ਸੇਵਾ ਸ਼੍ਰੀ ਅਨੰਦਪੁਰ ਸਾਹਿਬ,ਬਾਬਾ ਕਸ਼ਮੀਰਾ ਸਿੰਘ ਜੀ ਝੀਵਰਹੇੜੀ,ਭਾਈ ਬਲਵੰਤ ਸਿੰਘ ਗੋਪਾਲਾ,ਭਾਈ ਰਜਿੰਦਰ ਸਿੰਘ ਬਕਾਲਾ,ਭਾਈ ਲਖਵਿੰਦਰ ਸਿੰਘ ਸਤਗੋਲੀ,ਭਾਈ ਅੰਗਰੇਜ਼ ਸਿੰਘ ਅਧੋਆ,ਭਾਈ ਹਰਜਿੰਦਰ ਸਿੰਘ ਮੈਨੇਜਰ,ਮੁੱਖ ਗ੍ਰੰਥੀ ਭਾਈ ਮਨਜੀਤ ਸਿੰਘ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਨਗਰ ਕੀਰਤਨ 6 ਦਸੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਤਕ

# ਵਿਸ਼ੇਸ਼ ਕੀਰਤਨ ਦਰਬਾਰ ਲੱਖੀ ਸ਼ਾਹ ਵਣਜਾਰਾ ਹਾਲ ਵਿਖ਼ੇ 7 ਦਸੰਬਰ ਨੂੰ

**ਨਵੀਂ ਦਿੱਲੀ, 24 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):-** ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵਲੋਂ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 6 ਦਸੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਤਕ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ । ਨਗਰ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਂਕ ਤੋਂ ਆਰੰਭ ਹੋ ਕੇ ਨਵੀਂ ਸੜਕ, ਚਾਵੜੀ ਬਾਜ਼ਾਰ, ਅਜਮੇਰੀ ਗੇਟ, ਪੁੱਲ ਪਹਾੜ ਗੰਜ, ਦੇਸ਼ ਬੰਧੂ ਗੁਪਤਾ ਰੋਡ, ਚੂਨਾ ਮੰਡੀ, ਮੇਨ ਬਾਜ਼ਾਰ ਪਹਾੜ ਗੰਜ, ਬਸੰਤ ਰੋਡ, ਪੰਚਕੂਈਆਂ ਰੋਡ, ਗੁਰਦੁਆਰਾ ਬੰਗਲਾ ਸਾਹਿਬ ਮਾਰਗ, ਬੰਗਲਾ ਸਵੀਟਸ, ਗੁਰਦੁਆਰਾ ਬੰਗਲਾ ਸਾਹਿਬ, ਗੋਲ ਡਾਕਖਾਨਾ, ਪੰਡਿਤ ਪੰਤ ਮਾਰਗ ਤੋਂ ਹੁੰਦਾ ਹੋਇਆ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਵੇਗਾ । ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਸ਼ਨੀਵਾਰ, 7 ਦਸੰਬਰ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਲੱਖੀ ਸ਼ਾਹ ਵਣਜਾਰਾ ਹਾਲ ਵਿਖ਼ੇ ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤਕ ਹੋਵੇਗਾ ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜੱਥੇ ਕਥਾਵਾਚਕ ਹਾਜ਼ਿਰੀ ਭਰ ਕੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜਨਗੇ ।ਸੰਗਤਾਂ ਨੂੰ ਮੌਜੂਦਾ ਹਾਲਾਤਾਂ ਵਲ ਦੇਖਦਿਆਂ ਨਗਰ ਕੀਰਤਨ ਅੰਦਰ ਖਾਣ ਪੀਣ ਦੇ ਸਟਾਲ ਦੀ ਗਿਣਤੀ ਘਟਾ ਕੇ ਸਿਖਿਆ ਦੇ ਲੰਗਰਾਂ ਦੇ ਸਟਾਲਾ ਦੀ ਸਖ਼ਤ ਲੋੜ ਵਲ ਜਿਆਦਾ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੋ ਸਕੇ।




## ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ

# ਸਮੂਹ ਸ਼ਹੀਦਾਂ ਸਿੰਘਾਂ ਦੀ ਯਾਦ ਵਿਚ ਹਫਤਾਵਾਰੀ ਸਮਾਗਮ



☛ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਸੰਗਤਾਂ ਵੱਲੋਂ ਰਲ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਕੇ ਮਨਾਇਆ ਗਿਆ। ☛ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਜੀ ਵੱਲੋਂ ਆਈਆਂ ਹੋਈਆਂ ਸੰਗਤਾ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ।

**ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ )-** ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ ਜੂਨ 1984 ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਸ਼ਹੀਦ ਭਾਈ ਸਰਵਣ ਸਿੰਘ ਜੀ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ਹਫਤਾਵਾਰੀ ਸਮਾਗਮ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਸੰਗਤਾਂ ਵੱਲੋ ਰਲ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਅਤੇ ਚੌਪਈ ਸਾਹਿਬ ਜੀ ਦੇ ਪਾਠ ਕੀਤੇ ਗਏ।ਆਈਆਂ ਸੰਗਤਾਂ ਵਾਸਤੇ ਸਰਦਾਈ ਦੇ ਲੰਗਰ ਤਿਆਰ ਕੀਤਾ ਗਿਆ ।ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਸਲਾਹਕਾਰ ਬਾਬਾ ਸੱਜਣ ਸਿੰਘ ਜੀ ਵੱਲੋਂ ਆਈਆਂ ਹੋਈਆਂ ਸੰਗਤਾ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ ।ਇਸ ਮੌਕੇ ਸ਼ਹੀਦ ਭਾਈ ਸਰਵਣ ਸਿੰਘ ਜੀ ਦੀ ਧਰਮ ਸਪਤਨੀ ਬੀਬੀ ਗੁਰਵਿੰਦਰ ਕੌਰ, ਭਾਈ ਪਿਆਰਾ ਸਿੰਘ, ਜਗਜੀਤ ਸਿੰਘ,ਰਾਗੀ ਭਾਈ ਕਿਰਪਾਲ ਸਿੰਘ,ਸ੍ ਗੁਰਬਖਸ਼ ਸਿੰਘ,ਬੀਬੀ ਸੰਦੀਪ ਕੌਰ,ਬੀਬੀ ਪਰਮਜੀਤ ਕੌਰ,ਬੀਬੀ ਜਸ਼ਨਪ੍ਰੀਤ ਕੌਰ, ਅਤੇ ਹੋਰ ਸੰਗਤਾਂ ਹਾਜਰ ਸਨ ।

## ਪਿੰਡ ਲਹਿਰੀ ਕੋਲ ਕਾਰ ਅਤੇ ਮੋਟਰ ਸਾਇਕਲ ਦੌਰਾਨ

# ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ






**ਤਲਵੰਡੀ ਸਾਬੋ, 24 ਨਵੰਬਰ (ਗੁਰਜੰਟ ਸਿੰਘ ਨਥੇਹਾ)-** ਤਲਵੰਡੀ ਸਾਬੋ-ਸਰਦੂਲਗੜ ਮੁੱਖ ਸੜਕ ਮਾਰਗ 'ਤੇ ਪਿੰਡ ਲਹਿਰੀ ਕੋਲ ਕਾਰ ਅਤੇ ਮੋਟਰ ਸਾਇਕਲ ਦੌਰਾਨ ਵਾਪਰੇ ਸੜਕ ਹਾਦਸੇ ਵਿੱਚ ਮੋਟਰ ਸਾਇਕਲ ਸਵਾਰ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ।ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਥਾਨਕ ਸਿਵਲ ਹਸਪਤਾਲ ਲਿਆਂਦਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਮ ਵਿਲਾਸ ਯਾਦਵ (42 ਸਾਲ) ਪੁੱਤਰ ਲੇਖ ਰਾਮ ਯਾਦਵ ਵਾਸੀ ਅਲਵਰ (ਰਾਜਸਥਾਨ) ਪਿੰਡ ਨੰਗਲਾ ਵਿਖੇ ਲੱਗੇ ਸ਼ੈਲਰ ਵਿੱਚ ਕੰਮ ਕਰਦਾ ਸੀ ਅੱਜ ਜਦ ਉਹ ਮੋਟਰ ਸਾਇਕਲ 'ਤੇ ਤਲਵੰਡੀ ਸਾਬੋ ਤਰਫ਼ੋਂ ਸਰਦੂਲਗੜ੍ਹ ਰੋਡ 'ਤੇ ਜਾ ਰਿਹਾ ਸੀ ਤਾਂ ਉਸ ਨੇ ਬਿਨ੍ਹਾਂ ਪਿੱਛੇ ਦੇਖਿਆਂ ਮੋਟਰ ਸਾਇਕਲ ਇੱਕ ਪਾਸੇ ਮੋੜ ਲਿਆ ਤੇ ਪਿੱਛੋਂ ਜਾ ਰਹੀ ਇੱਕ ਤੇਜ਼ ਰਫਤਾਰ ਕਾਰ ਮੋਟਰ ਸਾਇਕਲ ਨਾਲ ਜਾ ਟਕਰਾਈ। ਭਿਆਨਕ ਹਾਦਸਾ ਵਾਪਰਨ ਕਾਰਨ ਰਾਮ ਵਿਲਾਸ ਯਾਦਵ ਦੀ ਮੌਕੇ 'ਤੇ ਮੌਤ ਹੋ ਗਈ। ਜਿਸਦੀ ਲਾਸ਼ ਨੂੰ ਪੋਸਟਮਾਰਟਮ ਲਈ ਐਂਬੂਲੈਂਸ 108 ਰਾਹੀਂ ਸਥਾਨਕ ਸਿਵਲ ਹਸਪਤਾਲ ਲਿਆਂਦਾ ਗਿਆ। ਤਲਵੰਡੀ ਸਾਬੋ ਪੁਲੀਸ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮਹਾਰਾਸ਼ਟਰ ਚੋਣਾਂ 'ਚ ਭਾਜਪਾ ਦੀ ਇਤਿਹਾਸਕ ਜਿੱਤ 'ਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਅਤੇ ਸਿੱਖ ਸਮਾਜ ਮਹਾਰਾਸ਼ਟਰ ਦਾ ਅਹਿਮ ਯੋਗਦਾਨ - ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ 24 ਨਵੰਬਰ (ਆਵਾਜ਼ਿ ਕੌਮ ਬਿਊਰੋ)-** ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਭਾਜਪਾ ਅਗਵਾਈ ਵਾਲੀ ਮਹਾਯੁਤੀ ਗੱਠਜੋੜ ਦੀ ਸ਼ਾਨਦਾਰ ਤੇ ਧਮਾਕੇਦਾਰ ਇਤਿਹਾਸਕ ਜਿੱਤ 'ਚ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਤੇ ਸਿੱਖ ਸਮਾਜ ਮਹਾਰਾਸ਼ਟਰ ਦਾ ਅਹਿਮ ਯੋਗਦਾਨ ਹੈ।ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਿੱਖ ਭਾਈਚਾਰੇ ਨੇ ਹਰੇਕ ਬੂਥ 'ਤੇ ਆਪਣੀ ਡਿਊਟੀ ਤੇ ਵੋਟ ਦੇ ਕੇ ਇਸ ਜਿੱਤ ਨੂੰ ਯਕੀਨੀ ਬਣਾਈ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਪੰਜ ਦਹਾਕੇ ਬਾਅਦ ਮਹਾਰਾਸ਼ਟਰ 'ਚ ਭਾਜਪਾ ਨੂੰ ਮਿਲੀ ਵੱਡੀ ਕਾਮਯਾਬੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਭਾਜਪਾ ਪ੍ਰਧਾਨ ਜੇ ਪੀ ਨੱਢਾ ਅਤੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਲੋਕਾਂ ਨੇ ਇਸ ਵਾਰ ਕਾਂਗਰਸ ਨੂੰ ਵਿਰੋਧੀ ਧਿਰ ਵਜੋਂ ਵੀ ਕਬੂਲ ਨਾ ਕਰਕੇ ਜਿੱਥੇ ਕਾਂਗਰਸ ਦੀ ਨਕਾਰਾਤਮਿਕ, ਵੰਡ ਪਾਊ ਤੇ ਵੰਸ਼ਵਾਦੀ ਰਾਜਨੀਤੀ ਨੂੰ ਨਮੋਸ਼ੀਜਨਕ ਕਰਾਰੀ ਹਾਰ ਦੇ ਕੇ ਗਹਿਰਾ ਝਟਕਾ ਦੇ ਦਿੱਤਾ ਹੈ, ਉੱਥੇ ਹੀ ਭਾਜਪਾ 'ਤੇ ਅਟੁੱਟ ਭਰੋਸਾ ਪ੍ਰਗਟਾਉਂਦਿਆਂ ਇਸ ਦੇ ਲੋਕ ਭਲਾਈ ਅਤੇ ਵਿਕਾਸ ਮੁਖੀ ਸਿਆਸਤ ਦੇ ਹੱਕ 'ਚ ਫ਼ਤਵਾ ਦਿੱਤਾ ਹੈ।ਪ੍ਰੋ. ਸਰਚਾਂਦ ਸਿੰਘ ਨੇ ਨਵੰਬਰ '84 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਦੇਣ ਵਿੱਚ ਉਮਰ ਅਤੇ ਵਿੱਦਿਅਕ ਯੋਗਤਾ 'ਚ ਛੋਟ ਪ੍ਰਦਾਨ ਕਰਨ ਦੇ ਇਤਿਹਾਸਿਕ ਫ਼ੈਸਲੇ ਲਈ ਵੀ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਹਾਰਦਿਕ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਸਦਕਾ ਸੰਭਵ ਹੋਇਆ ਹੈ, ਜਿਸ ਨੇ ਇਸ ਮਹੱਤਵਪੂਰਨ ਅਤੇ ਲੰਬੇ ਸਮੇਂ ਤੋਂ ਬਕਾਇਆ ਨਿਆਂ ਨੂੰ ਸੰਭਵ ਬਣਾਇਆ। ਉਕਤ ਫ਼ੈਸਲਾ ਇੱਕ ਡੂੰਘੀ ਮਾਨਵਵਾਦੀ ਅਤੇ ਦੂਰਅੰਦੇਸ਼ੀ ਪਹੁੰਚ ਨੂੰ ਦਰਸਾਉਂਦੀ ਹੈ।ਇਹ ਉਹਨਾਂ ਪਰਿਵਾਰਾਂ ਲਈ ਰਾਹਤ ਲਿਆਉਣ ਦੀ ਦਿਸ਼ਾ ਵਿੱਚ ਇੱਕ ਪਹਿਲ ਕਦਮੀ ਹੈ, ਜਿਨ੍ਹਾਂ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਬਹੁਤ ਦੁੱਖ ਝੱਲਿਆ। ਉਨ੍ਹਾਂ ਸਿੱਖ ਭਾਈਚਾਰੇ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਨਕਾਰਾਤਮਕਤਾ ਵਿੱਚ ਨਾ ਫਸਣ ਸਗੋਂ ਏਕਤਾ ਅਤੇ ਤਰੱਕੀ ਦੇ ਸਾਂਝੇ ਟੀਚੇ ਵਿੱਚ ਯੋਗਦਾਨ ਪਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

# ਪੁਲਿਸ ਥਾਣਾ ਜੰਡਿਆਲਾ ਗੁਰੂ ਦੀ ਵੱਡੀ ਸਫਲਤਾ ਵਪਾਰੀਆਂ ਕੋਲੋਂ ਫਿਰੌਤੀ ਮੰਗਣ ਵਾਲੇ ਗਿਰੋਹ ਦਾ ਕੀਤਾ ਗਿਆ ਪਰਦਾਫਾਸ਼ ਚਾਰ ਗ੍ਰਿਫ਼ਤਾਰ




**ਜੰਡਿਆਲਾ ਗੁਰੂ, 24 ਨਵੰਬਰ ( ਕੁਲਵੰਤ ਸਿੰਘ ਵਿਰਦੀ)-** ਅੰਮ੍ਰਿਤਸਰ ਦਿਹਾਤੀ ਪੁਲਿਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਹਾਸਿਲ ਹੋਈ ਜਦੋਂ ਥਾਣਾ ਜੰਡਿਆਲਾ ਗੁਰੂ ਵਿੱਚ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਫੋਨ ਤੇ ਫਰੋਤੀ ਮੰਗਣ ਦੀਆਂ ਧਮਕੀਆਂ ਦੇਣ ਵਾਲੇ ਗਰੋਹ ਦਾ ਪਰਦਾਫ਼ਾਸ਼ ਕੀਤਾ ਗਿਆ , ਇਸ ਮੌਕੇ ਥਾਣਾ ਜੰਡਿਆਲਾ ਗੁਰੂ ਦੇ ਪੁਲਿਸ ਅਧਿਕਾਰੀ ਡੀ ਐਸ ਪੀ ਰਵਿੰਦਰ ਸਿੰਘ ਅਤੇ ਐਸ ਐਚ ਓ ਸ੍ਰ ਮੁਖਤਿਆਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਡੀ ਪੁਲਿਸ ਟੀਮ ਵੱਲੋਂ ਜੰਡਿਆਲਾ ਦੇ ਵਿੱਚ ਵਪਾਰੀਆਂ ਤੇ ਦੁਕਾਨਦਾਰਾਂ ਕੋਲੋਂ ਫਰੋਤੀਆਂ ਮੰਗਣ ਵਾਲੇ ਚਾਰ ਨੌਜਵਾਨ ਨੂੰ ਕਾਬੂ ਕੀਤਾ ਹੈ। ਉਹਨਾਂ ਦੱਸਿਆ ਕਿ ਇਹ ਹੈਪੀਜਟ ਗਰੋਹ ਦੇ ਲੜਕੇ ਹਨ ਜਿਨਾਂ ਵੱਲੋਂ ਵਪਾਰੀਆਂ ਤੇ ਦੁਕਾਨਦਾਰਾਂ ਕੋਲੋਂ ਫਰੋਤੀਆਂ ਮੰਗੀਆਂ ਜਾ ਰਹੀਆਂ ਸਨ ਉਹਨਾਂ ਕਿਹਾ ਕਿ ਇਹਨਾਂ ਕੋਲੋਂ ਇਹਨਾਂ ਦੇ ਮੋਬਾਈਲ ਫੋਨ ਵੀ ਬਰਾਮਦ ਕਰ ਲਏ ਗਏ ਹਨ ਜਿੰਨਾਂ ਤੋਂ ਫੋਨ ਕਰ ਇਹ ਫਰੋਤੀਆਂ ਮੰਗਦੇ ਸਨ ਦੱਸਿਆ ਜਾ ਰਿਹਾ ਹੈ ਕਿ ਵਿਦੇਸ਼ੀ ਤਾਕਤਾਂ ਵੱਲੋਂ ਇਹਨਾਂ ਨੌਜਵਾਨਾਂ ਨੂੰ ਵਰਗਲਾ ਕੇ ਇਹਨਾਂ ਕੋਲ ਗਲਤ ਕੰਮ ਕਰਵਾਏ ਜਾ ਰਹੇ ਸਨ ਉਹਨਾਂ ਕਿਹਾ ਕਿ ਸਾਡੀ ਟੈਕਨੀਕਲ ਪੁਲਿਸ ਟੀਮ ਵੱਲੋਂ ਇਹਨਾਂ ਦੇ ਮੋਬਾਇਲ ਫੋਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਜਿਹੜੇ ਇਹਨਾਂ ਨੂੰ ਕਾਲਾਂ ਆ ਰਹੀਆਂ ਹਨ ਵਿਦੇਸ਼ ਤੋਂ ਆ ਰਹੀਆਂ ਹਨ ਜਾਂ ਫੇਕ ਨੰਬਰ ਤੋਂ ਕਾਲਾਂ ਆ ਰਹੀਆਂ ਹਨ ਇਸ ਦੀ ਜਾਣਕਾਰੀ ਤੋਂ ਬਾਅਦ ਹੀ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ ਉਹਨਾਂ ਕਿਹਾ ਕਿ ਇਹਨਾਂ ਦੀ ਉਮਰ ਮਹਿਜ 20 ਤੋਂ 22 ਸਾਲ ਦੇ ਕਰੀਬ ਹੈ ਇਹ ਥਾਣਾ ਜੰਡਿਆਲਾ ਹਲਕੇ ਦੇ ਹੀ ਰਹਿਣ ਵਾਲੇ ਹਨ। ਜਿਨਾਂ ਵੱਲੋਂ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਉਹਨਾਂ ਕਿਹਾ ਕਿ ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਹੈਪੀ ਜੱਟ ਗਰੋਹ ਦੇ ਲੜਕੇ ਹਨ ਜਿਨਾਂ ਨੂੰ ਵਿਦੇਸ਼ ਤੋਂ ਫੋਨ ਆਉਂਦੇ ਸਨ ਤੇ ਉਹ ਦੁਕਾਨਾਂ ਤੇ ਵਪਾਰੀਆਂ ਦੀ ਜਾ ਕੇ ਰੈਕੀ ਕਰਦੇ ਸਨ। ਤੇ ਉਸ ਤੋਂ ਬਾਅਦ ਫੋਨ ਤੇ ਧਮਕੀਆਂ ਦੇ ਕੇ ਫਰੋਤੀ ਦੀ ਮੰਗ ਕਰਦੇ ਸਨ। ਉਹਨਾਂ ਕਿਹਾ ਕਿ ਫਿਲਹਾਲ ਸਾਡੇ ਪੁਲਿਸ ਵਿਭਾਗ ਵੱਲੋਂ ਇਹਨਾਂ ਵਿਦੇਸ਼ੀ ਗੈਂਗਸਟਰਾਂ ਦੇ ਖਿਲਾਫ ਲੁੱਕ ਆਫ ਨੋਟਿਸ ਜਾਰੀ ਕੀਤਾ ਹੋਇਆ, ਅਸੀਂ ਅੱਜ ਇਹਨਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਇਹਨਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਦਾਲਤ ਵਿੱਚ ਰਿਮਾਂਡ ਹਾਸਿਲ ਕਰ ਇਹਨਾਂ ਕੋਲੋਂ ਪੁੱਛਗਿੱਛ ਕਰ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਨਵਜੋਤ ਸਿੰਘ ਸਿੱਧੂ ਵਿਰੁੱਧ ਹੋਵੇ ਪਰਚਾ ਦਰਜ: ਡਾ.ਦਲੇਰ ਸਿੰਘ ਮੁਲਤਾਨੀ

**ਅੰਮ੍ਰਿਤਸਰ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸਭ ਤੋਂ ਪਹਿਲਾਂ ਮੈਂ ਡਾ ਨਵਜੋਤ ਕੌਰ ਸਿਧੂ ਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹਾਂ ।



ਬਹੁਤ ਸਾਰੇ ਦੋਸਤਾਂ ਨੂੰ ਪਤਾ ਹੈ ਕਿ ਡਾ ਨਵਜੋਤ ਕੌਰ ਨੂੰ ਕੈਂਸਰ ਹੈ ਤੇ ਉਸ ਦਾ ਹਰ ਤਰਾਂ ਦਾ ਕੈਂਸਰ ਮਾਹਰਾਂ ਕੋਲੋ ਇਲਾਜ ਹੋਇਆ ਪਰ ਪਿਛਲੇ ਦੋ ਤਿੰਨ ਦਿਨਾਂ ਤੋਂ ਉਹਨੇ ਦੇ ਪਤੀ ਨਵਜੋਤ ਸਿੰਘ ਸਿਧੂ ਵੱਲੋਂ ਕੀਤੀ ਇੱਕ ਪ੍ਰੈੱਸ ਵਾਰਤਾ ਦੀ ਇੱਕ ਵੀਡੀਓ ਵਾਰਲਿ ਹੋ ਰਹੀ ਜਿਸ ਵਿੱਚ ਕੁਝ ਖਾਸ ਚੀਜ਼ਾਂ ਖਾਣ ਅਤੇ ਭੁੱਖੇ ਰਹਿਣ ਨਾਲ ਕੈਂਸਰ ਖਤਮ ਹੋ ਗਿਆ ਬਾਰੇ ਕਲੇਮ ਪਾਏ ਗਏ ਜਿਸ ਦਾ ਹੁਣ ਤੱਕ ਮੈਡੀਕਲ ਖੋਜ ਵਿੱਚ ਕੋਈ ਪੱਕਾ ਡਾਟਾ ਨਹੀਂ।

ਨਵਜੋਤ ਸਿੰਘ ਸਿਧੂ ਜੋ ਕਿ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਮੰਤਰੀ ਰਹਿ ਚੁੱਕੇ ਹਨ ਨੂੰ ਪਤਾ ਹੋਣਾ ਚਾਹੀਦਾ ਕਿ ਉਹਨਾਂ ਨੇ ਪਬਲਿਕ ਵਿੱਚ ਬਿਨਾਂ ਕੋਈ ਸਬੂਤ / ਡਾਟਾ ਜਾਂ ਮੈਡੀਕਲ ਖੋਜ ਦੀ ਮਾਨਤਾ ਬਗੈਰ ਕੁਝ ਖਾਣ ਵਾਲੀਆਂ ਚੀਜਾਂ ਨੂੰ ਕੈਂਸਰ ਖਤਮ ਹੋ ਜਾਣ ਦਾ ਦਾਅਵਾ ਪਾਇਆ ਹੈ ਜੋ ਕਿ ਡਰੱਗਜ ਐਂਡ ਮੈਜਿਕ ਰੈਮੀਡੇਜ ਐਕਟ 1954 ਦੀ ਉਲੰਘਣਾ ਹੈ। ਹਾਂ, ਇਹ ਜਰੂਰ ਮੰਨਿਆ ਜਾਂਦਾ ਹੈ ਕਿ ਕਈ ਕੈਸ਼ਰ ਜੋ ਛੇਤੀ ਪਤਾ ਲੱਗ ਜਾਣ ਉਹ ਸਹੀ ਇਲਾਜ ਨਾਲ ਠੀਕ ਹੋ ਜਾਂਦੈ ਜਾਂ ਫਿਰ ਇਲਾਜ ਅਤੇ ਚੰਗੀ ਸ਼ਾਫ ਖੁਰਾਕ ਦੀ ਮਦਦ ਨਾਲ ਲੰਬੀ ਉਮਰ ਭੋਗ ਜਾਂਦੇ ।ਪਰ ਬਿਨਾਂ ਇਲਾਜ ਕਿੰਨੀ ਦੇਰ ਠੀਕ ਰਹਿੰਦੇ ਇਹ ਕਹਿਣਾ ਬਹੁਤ ਮੁਸ਼ਕਲ ।ਸਗੋਂ ਬਿਨਾਂ ਇਲਾਜ ਜਾਂ ਕਥਿਤ ਕੈਂਸਰ ਠੀਕ ਕਰਨ ਵਾਲੀ ਖੁਰਾਕ ਸਹਾਰੇ ਛੇਤੀ ਮਰ ਗਏ , ਇਹ ਕੇਸ ਬਹੁਤ ਹਨ ਰਿਕਾਰਡ ਵਿੱਚ ।

ਆਵਾਜ਼ਿ ਕੌਮ AWAZE QAUM International Newspaper & WEB TV

ਦੋਸਤੋ ਇਸੇ ਤਰਾਂ ਮੇਰੇ ਵੱਲੋਂ 2002 ਵਿੱਚ ਲਾਲੜੂ ਵਿੱਚ ਸਟੀਰਾਇਡ ਵਰਤੋਂ ਕਰਕੇ ਵੱਡੀਆਂ ਬਿਮਾਰੀਆਂ ਦੇ ਇਲਾਜ ਕਰਨ ਵਾਲੇ ਅਨਰਿਜਸਟਰਡ ਡਾਕਟਰ ਅਤੇ 2007 ਵਿੱਚ ਨਵਾਂ ਸ਼ਹਿਰ ਵਿੱਚ ਇੱਕ ਕੁਆਲੀਫਾਇਡ ਡਾਕਟਰ ਵੱਲੋਂ ਏਡਜ ਦੇ ਇਲਾਜ ਦੇ ਦਾਅਵੇ ਪਾਉਣ ਵਿਰੁੱਧ ਡਰੱਗਜ ਐਂਡ ਮੈਜਿਕ ਰੈਡੀਜ ਐਕਟ 1954 ਅਤੇ ਲਾਲ਼ੜੂ ( ਲਹਿਲੀ ਪਿੰਡ) ਵਿਚ ਬਿਨਾਂ ਡਿਗਰੀ ਇਲਾਜ ਕਰ ਰਹੇ ਕਥਿਤ ਡਾਕਟਰ ਵਿਰੁੱਧ 420 ਦਾ ਕੇਸ , ਫਾਜਿਲਕਾ ਵਿੱਚ ਬਿਨਾਂ ਡਿਗਰੀ ਇਲਾਜ ਕਰਨ ਦੇ ਦਾਅਵੇ ਵਿਰੁੱਧ 420 ਦੇ ਕੇਸ ਦਰਜ ਰਿਕਾਰਡ ਵਿੱਚ ਹਨ।ਇਸ ਤੋਂ ਇਲਾਵਾ ਮੇਰੀ ਪੋਸਟਿੰਗ ਵਾਲੀ ਹਰ ਥਾਂ ਬਹੁਤ ਸਾਰੇ ਬਿਨਾਂ ਡਿਗਰੀ ਇਲਾਜ ਦੇ ਦਾਅਵੇ ਪਾਉਣ ਵਾਲਿਆਂ ਨੂੰ ਸਮਝਾ ਦਿੱਤਾ ਜਾਂਦਾ ਸੀ ਜਿਸ ਕਰਕੇ ਕਈ ਥਾਂ ਕੇਸ ਤਾਂ ਦਰਜ ਨਹੀਂ ਕਰਵਾਏ ਗਏ ਪਰ ਉਹਨਾਂ ਤੇ ਬੰਦਸ਼ਾਂ ਜਰੂਰ ਲਾਈਆਂ ਦੁੱਖ ਦੀ ਗੱਲ ਕਿ ਇਹਨਾਂ ਕੇਸਾਂ ਵਿੱਚ ਮੰਤਰੀਆਂ ਸੰਤਰੀਆਂ ਨੇਤਾਵਾਂ ਨੇ ਬਹੁਤ ਦਖਲ ਅੰਦਾਜੀ ਕੀਤੀ ਤੇ ਗਲਤ ਕੰਮ ਕਰਨ ਵਾਲਿਆਂ ਦੇ ਹੱਕ ਵਿੱਚ ਭੁਗਤੇ ਬਲਕਿ ਮੇਰੇ ਵਿਰੁੱਧ ਭੁਗਤੇ ।ਜੇ ਵਾੜ ਹੀ ਖੇਤ ਨੂੰ ਖਾ ਰਹੀ ਤੇ ਫਿਰ ਖੇਤ ਕਿੱਥੋਂ ਬਚਣਾ ? ਮੇਰੀ ਨਵਜੋਤ ਸਿੰਘ ਸਿਧੂ ਨੂੰ ਬੇਨਤੀ ਹੈ ਕਿ ਅਪਣੀ ਵੀਡੀਓ ਸੋਸ਼ਲ ਮੀਡੀਆ ਤੋ ਹਟਾ ਲੈਣ ਤੇ ਜਨਤਿਕ ਮਾਫ਼ੀ ਮੰਗਣ ਨਹੀਂ ਤਾਂ ਸਰਕਾਰ ਉਹਨਾਂ ਵਿਰੁੱਧ ਡਰੱਗਜ ਐਂਡ ਮੈਜਿਕ ਰੈਮੀਡੀਜ ਐਕਟ ਅਧੀਨ ਪਰਚਾ ਦਰਜ ਕਰਵਾਏ। ਯਾਦ ਕਰੋ ਜੋ ਹੁਣੇ ਹੁਣੇ ਬਾਬਾ ਰਾਮਦੇਵ ਨਾਲ ਸੁਪਰੀਮ ਕੋਰਟ ਵਿੱਚ ਬੀਤੀ ਜੋ ਬਿਨਾਂ ਡਾਟਾ ਕਰੋਨਾ ਦਾ ਇਲਾਜ ਕਰ ਰਿਹਾ ਸੀ । ਇਕ ਗੱਲ ਹੋਰ ਜੋ ਲੋਕਾਂ ਨੂੰ ਗੁਮਰਾਹ ਜ਼ਿਆਦਾ ਕਰਦੀ , ਉਹ ਹੈ ਸ਼ਬਦ ਨਹੀਂ ਬਲਕਿ ਸ਼ਬਦਾਂ ਦੇ ਪਿਛੇ ਕੌਣ ਉਸ ਦੀ ਮਹੱਤਤਾ ਜ਼ਿਆਦਾ। ਨਵਜੋਤ ਸਿੰਘ ਸਿਧੂ ਦੀ ਵੀਡੀਓ ਦਾ ਅਸਰ ਜ਼ਿਆਦਾ ਜਿਵੇਂ ਬਾਬਾ ਰਾਮਦੇਵ ਦਾ ਹੋਇਆ ਸੀ , ਉਦੋਂ ਵੀ ਮੈਂ ਪਰਚਾ ਦਰਜ ਦੀ ਮੰਗ ਕੀਤੀ ਸੀ।

# ਫਿਲੀਪਿਨਜ਼ ਵਿਖੇ ਸੰਗਤਾਂ ਨੇ ਕੀਤਾ ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਨੂੰ ਸਨਮਾਨਿਤ



ਬਾਬਾ ਮਨਮੋਹਨ ਸਿੰਘ ਬਰਾਨ ਵਾਲਿਆਂ ਨੂੰ ਸਨਮਾਨਿਤ ਕਰਦੀ ਸਿੱਖ ਸੰਗਤ।

ਪਟਿਆਲਾ/ਰੱਖੜਾ • **ਆਵਾਜ਼ਿ ਕੌਮ ਬਿਊਰੋ**

ਪਿਛਲੇ ਇਕ ਮਹੀਨੇ ਤੋਂ ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ ਵਿਦੇਸ਼ ਦੌਰੇ 'ਤੇ ਫਿਲੀਪਿਨ ਵਿਖੇ ਸਿੱਖੀ ਤੇ ਗੁਰਬਾਣੀ ਦਾ ਪ੍ਰਚਾਰ ਕਰਨ 'ਚ ਲਗਾਤਾਰ ਵੱਖ-ਵੱਖ ਗੁਰਦੁਆਰਿਆਂ ਦਾ ਨਿਰੀਖਣ ਕਰ ਰਹੇ ਹਨ। ਫਿਲੀਪਿਨਜ਼ ਦੇ ਓਰਦਾਨੇਤਾ ਸਿਟੀ ਦੇ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਵਿਖੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ।

ਸਮਾਗਮ ਦੇ ਸਮਾਪਤੀ ਸਮਾਰੋਹ ਸਮੇਂ ਗੁਰਦੁਆਰਾ ਸਾਹਿਬ ਵਿਖੇ ਪਹੁੰਚੀ ਸਿੱਖ ਸੰਗਤ ਵੱਲੋਂ ਇਕ ਤਸਵੀਰ ਭੇਟ ਕਰ ਕੇ ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਦੌਰਾਨ ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਨੇ ਕਿਹਾ ਕਿ ਵਿਦੇਸ਼ਾਂ 'ਚ ਵੀ ਸੰਗਤਾਂ 'ਚ ਗੁਰਬਾਣੀ ਪੜ੍ਹਣ ਅਤੇ ਸੁਣਨ ਲਈ ਕਾਫੀ ਲਗਾਅ ਹੈ, ਜਿੱਥੇ ਸੰਗਤਾਂ ਹਰ ਗੁਰੂ ਘਰ ਵਿਖੇ ਕੀਰਤਨ ਸਮਾਗਮ ਦੌਰਾਨ ਵੱਧ ਚੜ੍ਹ ਕੇ ਪੁੱਜਦੀਆਂ ਹਨ।

ਇਹ ਉਪਰਾਲਾ ਲਗਾਤਾਰ ਚੱਲਦਾ ਰਹੇਗਾ ਤਾਂ ਜੋ ਵਿਦੇਸ਼ਾਂ 'ਚ ਵਸਦੀ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਿਆ ਜਾ ਸਕੇ ਕਿਉਂਕਿ ਸਿੱਖ ਸੰਗਤਾਂ 'ਚ ਵੀ ਭਾਵੇਂ ਉਹ ਵਿਦੇਸ਼ ਰਹਿੰਦੀਆਂ ਹਨ, ਉੱਥੇ ਵੀ ਅਥਾਹ ਸ਼ਰਧਾ ਹੋਣ ਕਰ ਕੇ ਗੁਰਦੁਆਰਾ ਸਾਹਿਬ ਵਿਖੇ ਸੰਗਤ ਵੱਧ ਚੜ੍ਹ ਕੇ ਪੁੱਜਦੀ ਹੈ ਅਤੇ ਗੁਰਬਾਣੀ ਪੜ੍ਹਣ ਅਤੇ ਸੁਣਨ ਦਾ ਲਾਹਾ ਲੈਂਦੀ ਹੈ।

## ਸੇਕਰਡ ਹਾਰਟ ਕਾਨਵੈਂਟ ਸਕੂਲ ਦਾ ਸਲਾਨਾ ਸਮਾਗਮ : 'ਹਨੇਰੇ ਤੋਂ ਚਾਨਣ ਵੱਲ'

# ਟਰਾਈਡੈਂਟ ਗਰੁੱਪ ਦੇ ਗਾਇਤਰੀ ਗੁਪਤਾ ਬਤੌਰ ਮੁੱਖ ਮਹਿਮਾਨ ਹੋਏ ਸ਼ਾਮਲ



**ਬਰਨਾਲਾ, 24 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸੇਕਰਡ ਹਾਰਟ ਕਾਨਵੈਂਟ ਪ੍ਰਾਇਮਰੀ ਸਕੂਲ ਨੇ ਆਪਣੇ ਸਲਾਨਾ ਸਮਾਗਮ ਨੂੰ 22 ਨਵੰਬਰ 2024 ਨੂੰ ਧੂਮਧਾਮ ਨਾਲ ਮਨਾਇਆ।ਸਮਾਗਮ ਦਾ ਥੀਮ 'ਲੂਮੀਨੈਂਸ' ਸੀ, ਜੋ 'ਹਨੇਰੇ ਤੋਂ ਚਾਨਣ ਵੱਲ' ਦੀ ਅਭਿਵਿਅੰਜਨਾ ਕਰਦਾ ਹੈ।ਇਹ ਸਮਾਰੋਹ ਸ਼ਾਮ 5 ਵਜੇ ਸਕੂਲ ਬੈਂਡ ਦੀ ਸ਼ਾਨਦਾਰ ਪੇਸ਼ਕਸ਼ ਨਾਲ ਸ਼ੁਰੂ ਹੋਇਆ। ਇਸ ਮੌਕੇ 'ਤੇ ਬੱਚਿਆਂ ਨੇ ਸੱਭਿਆਚਾਰਕ ਰੰਗ ਬਿਖੇਰਦੇ ਹੋਏ ਦਰਸ਼ਕਾਂ ਦੇ ਮਨ ਮੁਹਾ ਲਏ।



ਸਮਾਗਮ ਵਿੱਚ ਬੱਚਿਆਂ ਵੱਲੋਂ ਵੱਖ-ਵੱਖ ਭਾਸ਼ਾਵਾਂ ਅਤੇ ਗੀਤਿ-ਰਿਵਾਜਾਂ ਨੂੰ ਦਰਸਾਉਂਦੀਆਂ ਚਮਤਕਾਰਕ ਪੇਸ਼ਕਸ਼ਾਂ ਕੀਤੀਆਂ ਗਈਆਂ। ਗੁਜਰਾਤੀ, ਪੰਜਾਬੀ, ਕਸ਼ਮੀਰੀ ਅਤੇ ਭਾਰਤੀ ਸੱਭਿਆਚਾਰ ਦੇ ਰੰਗ ਪੇਸ਼ ਕਰਦੇ ਡਾਂਸ, ਕਵਾਲੀ, ਅਤੇ ਜਾਗੋ ਦੇ ਦ੍ਰਿਸ਼ ਸਭ ਨੂੰ ਹਿਰਦੇ ਸਪਰਸ਼ੀ ਨਜ਼ਾਰੇ ਸੀ। ਭੰਗੜੇ ਅਤੇ ਕੋਰੀਓਗ੍ਰਾਫੀ ਨੇ ਦਰਸ਼ਕਾਂ ਨੂੰ ਪ੍ਰੇਰਨਾ ਅਤੇ ਖੁਸ਼ੀ ਦਿਤੀ। ਇਸ ਸਮਾਰੋਹ ਦੀ ਮੁੱਖ ਕਥਾ "ਆਸ਼ਾ" ਸੀ, ਜੋ ਇੱਕ ਗਰੀਬ ਕੁੜੀ ਦੀ ਕਹਾਣੀ ਹੈ। ਆਸ਼ਾ ਸਕੂਲ ਦੀ ਫੀਸ ਦੇਣ ਦੇ ਸਮਰਥ ਨਹੀਂ ਸੀ, ਪਰ ਸਕੂਲ ਨੇ ਆਪਣੇ ਫਰੀ ਸਿੱਖਿਆ ਲਹਿਰ ਦੇ ਤਹਿਤ ਉਸਦੀ ਸਿੱਖਿਆ ਜਾਰੀ ਰੱਖੀ।ਉਸ ਦੀ ਮਿਹਨਤ ਸਦਕਾ, ਉਹ ਇਕ ਸਫਲ CEO ਬਣੀ। ਇਹ ਕਹਾਣੀ ਦਰਸ਼ਕਾਂ ਨੂੰ ਉਮੀਦ ਅਤੇ ਦ੍ਰਿੜਤਾ ਦਾ ਸੰਦੇਸ਼ ਦੇ ਗਈ। ਸਮਾਗਮ ਮੌਕੇ, ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਸਾਇੰਸ ਅਤੇ ਕਾਮਰਸ ਸਟਰੀਮ ਦੇ ਚੰਗੀ ਪੁਜੀਸ਼ਨ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੀ ਮਹੱਤਵਪੂਰਨ ਭੂਮਿਕਾ ਰਹੀ। ਮੁੱਖ ਮਹਿਮਾਨ ਸ਼੍ਰੀਮਤੀ ਗਾਇਤਰੀ ਗੁਪਤਾ ਅਤੇ ਗੈਸਟ ਆਫ ਓਨਰ ਸਿਸਟਰ ਇਰਾਜਮਾ ਨੇ ਸਮਾਗਮ ਦੀ ਸ਼ੋਭਾ ਵਧਾਈ। ਇਸ ਤੋਂ ਇਲਾਵਾ, ਸਕੂਲ ਦੇ ਪ੍ਰਬੰਧਕਾਂ ਵਿੱਚ ਮੈਨੇਜਰ ਸਿਸਟਰ ਰੇਸ਼ਮੀ, ਪ੍ਰਿੰਸੀਪਲ ਸਿਸਟਰ ਅਨੀਥਾ, ਵਾਈਸ ਪ੍ਰਿੰਸੀਪਲ ਸਿਸਟਰ ਜੈਨਟ ਅਤੇ ਹੈਡਮਿਸਟਰਸ ਮਿਸਟਰ ਨੈਨਸੀ ਨੇ ਵੀ ਆਪਣੀ ਹਾਜ਼ਰੀ ਦਰਸਾਈ। ਸਮਾਪਤੀ ਦੌਰਾਨ ਫਿਨਾਲੇ ਅਤੇ ਟੈਬਲੋ ਦਾ ਦ੍ਰਿਸ਼ ਦਰਸ਼ਕਾਂ ਲਈ ਸਭ ਤੋਂ ਆਕਰਸ਼ਕ ਰਹਿਆ। ਇਹ ਦ੍ਰਿਸ਼ ਸਾਰੇ ਹਾਜ਼ਰੀਨ ਦੇ ਚਿਹਰੇ ਤੇ ਖੁਸ਼ੀ ਅਤੇ ਅਨੰਦ ਦਾ ਸਰਗਮ ਛੱਡ ਗਿਆ। ਬੱਚਿਆਂ ਅਤੇ ਮਾਪਿਆਂ ਨੇ ਸਮਾਗਮ ਦੇ ਹਰ ਪਲ ਦਾ ਆਨੰਦ ਮਾਣਿਆ। ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਅਤੇ ਧੰਨਵਾਦੀ ਭਾਸ਼ਣ ਨਾਲ ਸ਼ਾਮ 7:30 ਵਜੇ ਹੋਈ। ਇਹ ਸਮਾਗਮ ਸਿਰਫ਼ ਸਿੱਖਿਆ ਨਹੀਂ, ਸੱਭਿਆਚਾਰ ਅਤੇ ਆਦਰਸ਼ਿਕ ਕਹਾਣੀਆਂ ਦੇ ਪ੍ਰੇਰਣਾਦਾਇਕ ਪੇਸ਼ਕਸ਼ ਨਾਲ ਸਫਲ ਰਹਿਆ।

# ਦਿੱਲੀ ਦੇ ਸਿੱਖਾਂ ਨਾਲ ਮਿਲਕੇ ਕਮੇਟੀ ਅਧੀਨ ਚਲ ਰਹੇ ਸਕੂਲਾਂ ਨੂੰ ਸੰਭਾਲਣ ਲਈ ਤਿਆਰ: ਸਰਨਾ

## ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾ ਨੂੰ ਬੇ.ਗਾਨੇ ਹੱਥਾਂ ਅੰਦਰ ਨਹੀਂ ਜਾਣ ਦੇਵਾਂਗੇ

ਨਵੀਂ ਦਿੱਲੀ 24 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸਾਡੇ ਪੁਰਖਿਆਂ ਬਹੁਤ ਹੀ ਮਿਹਨਤ ਨਾਲ ਬਣਾਏ ਹਨ । ਜਿਸ ਪਿੱਛੇ ਸਾਡੇ ਬਜ਼ੁਰਗਾਂ ਦੀ ਖ਼ੂਨ - ਪਸੀਨੇ ਦੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਲੱਗੀ ਹੈ । ਕਿਉਂਕਿ ਉਹਨਾਂ ਦਾ ਸੁਪਨਾ ਸੀ ਕਿ ਸਾਡੇ ਬੱਚਿਆਂ ਲਈ ਮਿਆਰੀ ਵਿਦਿਅਕ ਸੰਸਥਾਵਾਂ ਖੜ੍ਹੀਆਂ ਕੀਤੀਆਂ ਜਾਣ ਤਾਂ ਉਹ ਪੜ੍ਹ ਲਿਖਕੇ ਆਪਣਾ ਤੇ ਕੌਮ ਦਾ ਭਵਿੱਖ ਸੰਭਾਲ ਸਕਣ । ਪਰ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਦਿੱਲੀ ਕਮੇਟੀ ਦੇ ਮੌਜੂਦਾ ਭ੍ਰਿਸ਼ਟ ਤੇ ਕੁਚੱਜੇ ਪ੍ਰਬੰਧਕਾਂ ਕਾਰਨ ਸਾਡੀ ਇਸ ਵਿਰਾਸਤੀ ਧਰੋਹਰ ਤੇ ਕਦੇ ਸਰਕਾਰੀ ਜਿੰਦੇ ਲੱਗਣ ਦੀ ਨੌਬਤ ਆ ਜਾਂਦੀ ਹੈ ਤੇ ਕਦੇ ਦਿੱਲੀ ਪਬਲਿਕ ਸਕੂਲਾਂ ਵਰਗੀਆਂ ਸੰਸਥਾਵਾਂ ਨੂੰ ਸੌਂਪਣ ਦੀਆਂ ਗੱਲਾਂ ਚੱਲਦੀਆਂ ਹਨ । ਪਰ ਦਿੱਲੀ ਕਮੇਟੀ ਤੇ ਕਾਬਜ਼ ਲੋਕਾਂ ਨੂੰ ਕੋਈ ਫ਼ਿਕਰ ਹੀ ਨਹੀਂ । ਜਿਵੇਂ ਉਹਨਾਂ ਨੇ ਸਹੁੰ ਖਾਧੀ ਹੋਵੇ ਕਿ ਇਹਨਾਂ ਸਕੂਲਾਂ ਨੂੰ ਬਰਬਾਦ ਕਰਕੇ ਹੀ ਸਾਹ ਲੈਣਾ ਹੈ । ਅਸੀ ਇਹਨਾਂ ਸੰਸਥਾਵਾਂ ਨੂੰ ਉਸਰਦਿਆਂ ਦੇਖਿਆ ਹੈ ਤੇ ਇਹਨਾਂ ਨੂੰ ਕਿਸੇ ਕੀਮਤ ਤੇ ਵੀ ਬਰਬਾਦ ਨਹੀਂ ਹੋਣ ਦੇਵਾਗੇ । ਜੇਕਰ ਦਿੱਲੀ ਕਮੇਟੀ ਸਕੂਲ ਨਹੀਂ ਸੰਭਾਲ ਸਕਦੀ ਤੇ ਅਸੀਂ ਦਿੱਲੀ ਦੇ ਸਮੂਹ ਸਿੱਖਾਂ ਨਾਲ ਮਿਲਕੇ ਇਹਨਾਂ ਸਕੂਲਾਂ ਨੂੰ ਸੰਭਾਲਣ ਲਈ ਤਿਆਰ ਹਾਂ । ਜੇਕਰ ਇਸਦੇ ਲਈ ਸਾਨੂੰ ਕੌਮ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੱਦਦ ਲੈਣੀ ਪਈ ਤੇ ਅਸੀ ਉਹ ਵੀ ਲਵਾਂਗੇ ਕਿਉਂਕਿ ਕਿਸੇ ਵੀ ਬਿਗਾਨੇ ਹੱਥ ਦੇਣ ਦੀ ਬਜਾਏ ਇਹਨਾਂ ਸਕੂਲਾਂ ਦਾ ਪ੍ਰਬੰਧ ਸਿੱਖ ਸੰਸਥਾਵਾਂ ਦੇ ਕੋਲ ਹੀ ਰਹਿਣਾ ਚਾਹੀਦਾ ਹੈ । ਤੇ ਅਸੀ ਕਿਸੇ ਵੀ ਕੀਮਤ ਤੇ ਸਿੱਖਾਂ ਦੇ ਹੱਥੋਂ ਇਹ ਸਕੂਲ ਨਹੀ ਜਾਣ ਦੇਵਾਗੇ।



ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243